


1920 ਤੋਂ

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 12

੧੭ ਤੋਂ ੩੧ ਸਾਵਣ ੨੦੮੨ ਬਿ.
01 to 15 August 2025


# ਸਤਿਜੁਗ

10/-

ਬਰਤਾਨਵੀ ਸਾਮਰਾਜ ਨੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਦੋ ਸੌ ਇਨਕਲਾਬੀ ਗ੍ਰਿਫ਼ਤਾਰ ਕਰ ਲਏ ਗਏ। ਕਰਤਾਰ ਸਿੰਘ ਸਰਾਭਾ ਨੂੰ ਜ਼ੇਲ੍ਹ ਵਿੱਚ ਵਾਅਦਾ-ਮੁਆਫ਼ ਬਣਨ ਲਈ ਕਿਹਾ ਗਿਆ ਤੇ ਉਸ ਨੇ ਅੰਗ੍ਰੇਜ਼ ਅਫ਼ਸਰ ਦੇ ਮੂੰਹ 'ਤੇ ਥੁੱਕ ਦਿੱਤਾ।

ਸਰ ਮਾਈਕਲ ਓਡਵਾਇਰ ਦੇ ਕਹਿਣ ਮੁਤਾਬਕ ਪਿੰਗਲੇ ਨੂੰ ਮੇਰਠ ਤੋਂ ਇਸ ਹਾਲ ਵਿੱਚ ਪਕੜਿਆ ਗਿਆ ਕਿ ਉਹਦੇ ਥੈਲੇ ਵਿੱਚ ਏਨੇ ਬੰਬ ਸਨ ਜਿਨ੍ਹਾਂ ਨਾਲ ਫ਼ੌਜ ਦੀ ਪੂਰੀ ਰਜਮੈਂਟ ਨੂੰ ਉਡਾਇਆ ਜਾ ਸਕਦਾ ਸੀ।

ਇਹ ਪੂਰਾ ਆਰਟੀਕਲ ਤੁਸੀਂ ਮੈਗਜ਼ੀਨ ਵਿਚੋਂ ਪੜ੍ਹ ਸਕਦੇ ਹੋ।



ਵਿਸ਼ਨੂੰ ਗਨੇਸ਼ ਪਿੰਗਲੇ



ਸ. ਕਰਤਾਰ ਸਿੰਘ ਸਰਾਭਾ

# ਸਤਿਜੁਗ

੧੭ ਤੋਂ ੩੧ ਸਾਵਣ ੨੦੮੨ ਬਿ.
1 ਤੋਂ 15 ਅਗਸਤ 2025 ਈ.
ਜਿਲਦ 105, ਨੰਬਰ 12



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ....................................................4
* ਗੁਰਬਾਣੀ ਵਿਆਖਿਆ..........................................6
* ਕਰਤਾਰ ਸਿੰਘ ਸਰਾਭਾ
  ਸੰਪਾਦਕ : ਡਾ. ਸੁਖਦੇਵ ਸਿੰਘ........................8
* ਓਨਾ ਓਡਵਾਇਰ
  ਗੁਰਮੀਤ ਕੜਿਆਲਵੀ...............................13
* ਨਾਮਧਾਰੀ ਸੰਪ੍ਰਦਾਇ ਜੀਵਨ-ਜਾਂਚ ਦਾ ਸਿਧਾਂਤਿਕ ਪਰਿਪੇਖ
  ਡਾ. ਖਲੀਲ ਖਾਨ.....................................24
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ.............................27
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ..........................30
* MURDER OFBEEF BUTCHERS BY KUKAS
  **Dr. Gurdev Singh Sidhu................................33**
* **Samadhi and Superconsciouness**
  **Swami Vivekananda.......................................38**
* ਖ਼ਬਰਨਾਮਾ....................................................41
* **Matrimonial................................................................42**


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਭਗਵਤ ਗੀਤਾ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਛੇਵੇਂ ਅਧਿਆਏ ਵਿੱਚ ਕਹਿੰਦੇ ਹਨ ਕਿ ਨਿਸ਼ਕਾਮ ਭਾਵਨਾ ਨਾਲ ਕਰਮ ਕਰਨ ਵਾਲਾ ਸਹਿਜ ਯੋਗ ਦੀ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ ਭਾਂਵੇ ਇਸ ਦੀ ਸ਼ੁਰੂਆਤ ਕਿਸੇ ਨਾ ਕਿਸੇ ਸੰਕਲਪ ਤੋਂ ਹੁੰਦੀ ਹੈ ਪਰ ਇਕ ਅਵਸਥਾ 'ਤੇ ਪਹੁੰਚ ਮਨੁੱਖ ਸੰਕਲਪ ਰਹਿਤ ਹੋ ਜਾਂਦਾ ਹੈ ਅਤੇ ਸਹਿਜਯੋਗੀ ਅਖਵਾਉਂਦਾ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿੱਚ ਫ਼ਰਮਾਉਂਦੇ ਹਨ-

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥

ਇਥੇ 'ਸਹਿਜ' ਦਾ ਅਰਥ ਹੈ, ਆਸਾਨ, ਕੁਦਰਤੀ, ਬਿਨਾ ਯਤਨ ਤੋਂ ਜਿਵੇਂ ਸਭ ਕੁਝ ਸਹਿਜ ਸੁਭਾਅ ਕੁਦਰਤ ਵਿੱਚ ਵਾਪਰ ਰਿਹਾ ਹੈ, ਧਰਤੀ ਦਾ ਘੁੰਮਣਾ ਦਰਿਆਵਾਂ ਦਾ ਵਗਣਾ, ਹਵਾ ਦਾ ਰੁਮਕਣਾ, ਪਾਣੀ ਦਾ ਵਰਖਾ ਚੱਕਰ, ਇਨ੍ਹਾਂ ਵਾਂਗ ਜੇ ਮਨੁੱਖੀ ਮਨ ਵੀ ਉਸ ਦੇ ਹੁਕਮ ਨੂੰ ਪਹਿਚਾਣ ਕੇ ਸਹਿਜ ਹੋ ਜਾਵੇ ਤਾਂ ਉਹ ਸਹਿਜ ਯੋਗੀ ਬਣ ਸਕਦਾ ਹੈ। ਆਪਣੇ ਵਕਤੀ ਸੰਕਲਪਾ ਨੂੰ ਤਿਆਗ, ਕਿਸੇ ਬਾਰੇ ਮਾੜਾ ਸੋਚਣਾ, ਈਰਖਾ, ਦ੍ਵੈਸ਼ ਵਰਗੀਆਂ ਅਲਾਮਤਾ ਦਾ ਜਾਲ ਸਾਫ਼ ਕਰ ਮਨ ਦੀ ਚਾਦਰ

ਨੂੰ ਨਿਰਮਲ ਕਰ ਲਈਏ ਤਾਂ ਸਹਿਜ ਯੋਗੀ ਬਣ ਸਕਦੇ ਹਾਂ।

ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ॥
ਸਹਜੇ ਹਰਿ ਨਾਮ ਮਨ ਵਸਿਆ ਸਚੀ ਕਾਰ ਕਰਾਇ॥
ਸੇ ਵਡ ਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ॥

ਜਦੋਂ ਕੋਈ ਇਸ ਅਵਸਥਾ ਨੂੰ ਪ੍ਰਾਪਤ ਕਰਦਾ ਹੈ ਤਾਂ ਸਾਰੀ ਕਾਇਨਾਤ ਉਸ ਨਾਲ ਇਕਮਿਕ ਹੋ ਜਾਂਦੀ ਹੈ। ਕੈਨੇਡਾ ਦੇ ਆਦਿਵਾਸੀ ਕੋਸਟ ਸੈਲਸ਼ ਕਬੀਲੇ ਦੇ ਕਵੀ ਚੀਫ ਡੈਨ ਜੌਰਜ ਕੁਦਰਤ ਨਾਲ ਇਕਮਿਕਤਾ ਨੂੰ ਦਰਸਾਉਂਦੇ ਇਹ ਕਾਵਿ ਮਈ ਬੋਲ ਲਿਖਦੇ ਹਨ-

ਬਿਰਖਾ ਦੀ ਸੁੰਦਰਤਾ
ਹਵਾ ਦੀ ਕੋਮਲਤਾ
ਘਾਹ ਦੀ ਮਹਿਕ
ਮੇਰੇ ਨਾਲ ਗੱਲਾਂ ਕਰਦੀ ਹੈ
ਪਰਬਤ ਦੀ ਸਿਖਰ
ਅਕਾਸ਼ ਦੀ ਗਰਜ
ਸਾਗਰ ਦਾ ਤਾਲ
ਮੇਰੇ ਨਾਲ ਗੱਲਾਂ ਕਰਦਾ ਹੈ
ਸਿਤਾਰਿਆਂ ਦੀ ਮਧਮ ਲੋਅ
ਸਵੇਰ ਦਾ ਸੱਜਰਾਪਨ
ਫੁੱਲ ਅਤੇ ਤ੍ਰੇਲ
ਮੇਰੇ ਨਾਲ ਗੱਲਾਂ ਕਰਦੇ ਹਨ।

ਗੁਰਬਾਣੀ ਅਨੁਸਾਰ ਸਹਿਜ ਅਵਸਥਾ ਦੀ ਪ੍ਰਾਪਤੀ ਤੋਂ ਬਿਨਾਂ ਹਨ੍ਹੇਰਾ ਹੀ ਹੈ "ਬਿਨ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ" ਦੂਜਾ ਇਸ ਦੀ ਪ੍ਰਾਪਤੀ ਦਾ ਇਕੋ ਇਕ ਰਸਤਾ ਪੂਰਨ ਗੁਰੂ ਹੈ। ਜੋ ਵਿਚਾਰਾਂ (ਸ਼ਬਦ) ਰਾਂਹੀ ਮਨੁੱਖੀ ਮਨ ਨੂੰ ਝੂਠੀ ਸੰਸਾਰਿਕ ਉਲਝਣ ਵਿਚੋਂ ਕੱਢਦਾ ਹੈ। ਜਿਥੇ ਮਨ ਹਰ ਵਸਤੂ ਪ੍ਰਤੀ ਮਮਤਾ ਮਈ ਰਵੱਈਆ ਅਪਣਾਈ ਬੈਠਾ ਹੈ। ਓਥੇ ਗੁਰੂ ਦਾ ਸ਼ਬਦ ਸੱਚ ਨਾਲ ਰੂ-ਬ-ਰੂ ਕਰਵਾਉਂਦਾ ਹੈ। ਗੁਰੂ ਅਮਰਦਾਸ ਜੀ ਫਰਮਾਉਂਦੇ ਹਨ-

ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨਾ ਜਾਇ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਏ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ
ਭਾਈ ਰੇ ਗੁਰ ਬਿਨ ਸਹਜੁ ਨ ਹੋਇ॥

ਪੰਜਾਬੀ ਕਵੀ ਨਵਤੇਜ ਭਾਰਤੀ ਸਹਿਜ ਦੀ ਪ੍ਰਾਪਤੀ ਲਈ ਗੁਰੂ ਦੀ ਲੋੜ ਅਤੇ ਗੁਰੂ ਦੇ ਕਾਰਜ ਨੂੰ ਬੜੇ ਸੁੰਦਰ ਕਾਵਿਮਈ ਸ਼ਬਦਾਂ ਨਾਲ ਦਰਸਾਉਂਦਾ ਹੈ-

ਸ਼ਿਸ਼ ਗੁਰੂ ਦੇ ਚਰਨਾਂ ਤੇ ਮਥਾ ਟੇਕਦਾ
ਗੁਰੂ ਆਪਣੇ ਚਰਨ ਉਹਨੂੰ ਬਖ਼ਸ਼ਦਾ।
ਤੇ ਆਪ ਉਹਨਾਂ ਹੇਠ ਰਾਹ ਬਣ ਕੇ ਵਿਛਦਾ
ਰੱਬ ਨੂੰ ਜਾਣ ਵਾਲਾ ਰਾਹ ਗੁਰੂ ਵਿਚਦੀ ਲੰਘਦਾ।

.......................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਸਲੋਕ ਮਃ ੧ ॥**

Slok 1st Guru

**ਭੈ ਵਿਚਿ ਪਵਣੁ ਵਹੈ ਸਦ ਵਾਉ ॥**

ਪਰਮੇਸ਼ਰ ਅਥਵਾ ਕਾਲ ਦੇ ਡਰ ਵਿੱਚ ਹਮੇਸ਼ਾ ਹਵਾ ਚੱਲਦੀ ਹੈ।

In the fear of God, the air blows.

**ਭੈ ਵਿਚਿ ਚਲਹਿ ਲਖ ਦਰੀਆਉ ॥**

ਕਾਲ ਦੇ ਡਰ ਵਿੱਚ ਹੀ ਲੱਖਾਂ ਦਰਿਆ ਚੱਲਦੇ ਹਨ।

In the fear of God, millions of rivers flow.

**ਭੈ ਵਿਚਿ ਅਗਨਿ ਕਢੈ ਵੇਗਾਰਿ ॥**

ਡਰ ਵਿੱਚ ਅੱਗ ਵੇਗਾਰਾਂ ਕੱਢਦੀ ਹੈ<br>ਭਾਵ ਇਨਸਾਨਾਂ ਦੇ ਕਾਰਜ ਪੂਰੇ ਕਰਦੀ ਹੈ।

In the fear of God, the fire serves.

**ਭੈ ਵਿਚਿ ਧਰਤੀ ਦਬੀ ਭਾਰਿ ॥**

ਪ੍ਰਭੂ ਦੇ ਭੈਅ ਵਿੱਚ ਧਰਤੀ ਭਾਰ ਥੱਲੇ ਦੱਬੀ ਹੋਈ ਹੈ<br>ਭਾਵ ਭਾਰ ਚੁੱਕੀ ਫਿਰਦੀ ਹੈ।

In the fear of God, earth carries the weight of creation.

**ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥**

ਡਰ ਵਿੱਚ ਹੀ ਵਰਖਾ ਵਾਲੇ ਬੱਦਲ ਵਰਸਣ ਤੋਂ ਬਾਅਦ ਖਾਲੀ ਹੋ ਕੇ ਉਲਟੇ ਹੋ ਜਾਂਦੇ ਹਨ।

In the fear of God, clouds move in the sky.

**ਭੈ ਵਿਚਿ ਰਾਜਾ ਧਰਮੁ ਦੁਆਰੁ ॥**

ਧਰਮਰਾਜ ਦਾ ਦੁਆਰਾ (ਸਥਾਨ) ਵੀ ਡਰ ਵਿੱਚ ਹੈ।

The court of *Dharamraj* remains in the fear of God.

**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥**

ਸੂਰਜ ਅਤੇ ਚੰਦਰਮਾ ਵੀ ਡਰ ਵਿੱਚ ਹਨ।

In the fear of God, Sun and moon exist.

**ਕੋਹ ਕਰੋੜੀ ਚਲਤ ਨ ਅੰਤੁ ॥**

ਨਿਰੰਤਰ ਕਰੋੜਾਂ ਕੋਹਾਂ ਦਾ ਪੈਂਡਾ ਕਰਨ ਵਾਲੇ
ਸੂਰਜ ਤੇ ਚੰਦਰਮਾ ਵੀ ਭੈ ਵਿੱਚ ਹਨ।

One cannot comprehend the billions of miles that they have orbited.

**ਭੈ ਵਿਚਿ ਸਿਧ ਬੁਧ ਸੁਰ ਨਾਥ ॥**

ਡਰ ਵਿੱਚ ਹੀ ਸਿੱਧ, ਬੋਧੀ, ਦੇਵਤੇ ਅਤੇ ਜੋਗੀ ਹਨ।

In the fear of God, Sidhas, Budhas, angels and Nathas exist.

**ਭੈ ਵਿਚਿ ਆਡਾਣੇ ਆਕਾਸ ॥**

ਉੱਪਰ ਤਣਿਆ ਹੋਇਆ ਅਸਮਾਨ ਵੀ ਭੈਅ ਵਿੱਚ ਹੈ।

In the fear of God, is the sky stretched across everywhere.

**ਭੈ ਵਿਚਿ ਜੋਧ ਮਹਾਬਲ ਸੂਰ ॥**

ਡਰ ਵਿੱਚ ਹੀ ਯੋਧੇ, ਮਹਾਂਬਲੀ ਅਤੇ ਸੂਰਵੀਰ ਹਨ।

Warriors and mighty men exist in the fear of God.

**ਭੈ ਵਿਚਿ ਆਵਹਿ ਜਾਵਹਿ ਪੂਰ ॥**

ਡਰ ਵਿੱਚ ਹੀ ਸਮੂਹ ਜੀਵ ਆਉਂਦੇ ਜਾਂਦੇ ਹਨ।

In the fear of God, all creatures are born and die.

**ਸਗਲਿਆ ਭਉ ਲਿਖਿਆ ਸਿਰਿ ਲੇਖੁ ॥**

ਸਾਰਿਆਂ ਦੇ ਸਿਰ 'ਤੇ ਡਰ ਰੂਪੀ ਲੇਖ ਲਿਖਿਆ ਹੋਇਆ ਹੈ।

Fear is instilled in everyone's destiny.

**ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ
ਇੱਕ ਸੱਚ ਰੂਪ ਨਿਰੰਕਾਰ ਹੀ ਨਿਡਰ ਹੈ।

Sri Guru Ji says:
Only the one, true, formless God is fearless.

**ਚਲਦਾ...**

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

# ਕਰਤਾਰ ਸਿੰਘ ਸਰਾਭਾ

**ਮਹੁੰਮਦ ਆਸਫ਼ ਖਾਨ**

ਪੰਜਾਬ ਦਾ ਇਹ ਸ਼ੇਰ ਤੇ ਦਲੇਰ ਪੁੱਤਰ ਜ਼ਿਲ੍ਹਾ ਲੁਧਿਆਣਾ ਦਾ ਬਹਾਦਰ ਬੇਟਾ ਸੀ। ਇਸ ਦੀ ਉਮਰ 19 ਵਰ੍ਹੇ ਸੀ। ਇਹ ਉੜੀਸਾ (ਭਾਰਤ ਦਾ ਸੂਬਾ ਏ) ਦੇ ਰੇਵਨਸ਼ਾਹ ਕਾਲਜ ਦਾ ਪੜ੍ਹਿਆ ਹੋਇਆ ਸੀ। ਅੰਗਰੇਜ਼ ਸਾਮਰਾਜ ਦੀ ਫ਼ੌਜ ਨੂੰ ਬਗ਼ਾਵਤ ਲਈ ਤਿਆਰ ਕਰਨ ਵਾਸਤੇ ਇਸ ਨੌਜਵਾਨ ਨੇ ਫ਼ੌਜੀ ਅਫ਼ਸਰ ਦੀ ਵਰਦੀ ਪਹਿਨ ਕੇ ਬਨਾਰਸ ਤੋਂ ਬੰਨੂੰ ਤੱਕ ਦਾ ਸਫ਼ਰ ਸਾਈਕਲ ਤੇ ਕੀਤਾ। ਹਰ ਛਾਉਣੀ ਵਿੱਚੋਂ ਉਹਨੂੰ ਖ਼ਾਸੀ ਕਾਮਯਾਬੀ ਹੋਈ। ਕਰਤਾਰ ਸਿੰਘ ਸਰਾਭਾ ਕਿੰਨਾ ਨਿੱਡਰ ਸੀ- ਉਹ ਗਾਰਦਾਂ ਤੋਂ ਸਲਾਮੀਆਂ ਵੀ ਲੈਂਦਾ ਰਿਹਾ ਤੇ ਪੰਜਾਬੀ ਫ਼ੌਜੀਆਂ ਨੂੰ ਇਹ ਵੀ ਸਮਝਾਉਂਦਾ ਰਿਹਾ ਕਿ ਬਰਤਾਨੀਆਂ ਦੀ ਹਕੂਮਤ ਤੁਹਾਨੂੰ ਜੰਗ ਦੀ ਭੱਠੀ ਵਿੱਚ ਝੋਕ ਰਹੀ ਏ। ਮਰਨਾ ਤਾਂ ਓਥੇ ਵੀ ਏ ਪਰ ਜੋ ਤੁਸੀਂ ਬਗ਼ਾਵਤ ਕਰ ਦਿਉ ਤੇ ਹਿੰਦੁਸਤਾਨ ਨੂੰ ਆਜ਼ਾਦ ਕਰਾਣ ਦੀ ਮੁਸੱਲਹ ਕੋਸ਼ਿਸ਼ ਕਰਦਿਆਂ ਹੋਇਆਂ ਮਾਰੇ ਗਏ ਤਾਂ ਸ਼ਹੀਦ ਕਹਾਉਂਗੇ। ਫ਼ਿਰੋਜ਼ਪੁਰ ਛਾਉਣੀ ਦੇ ਇੰਡੀਅਨ ਗੈਰੀਜ਼ਨ ਨੇ ਉਸ ਦੇ ਸਾਹਮਣੇ ਆਜ਼ਾਦੀ ਲਈ ਲੜਨ ਦਾ ਹਲਫ਼ ਚੁੱਕਿਆ। ਲਾਹੌਰ ਤੇ ਚਕਵਾਲ ਦੀਆਂ ਛਾਉਣੀਆਂ ਵਿੱਚ ਉਹਨੂੰ ਯਕੀਨ ਦਿਵਾਇਆ ਗਿਆ ਕਿ ਜਵਾਨ ਜਾਨਾਂ ਦੀਆਂ ਬਾਜ਼ੀਆਂ ਲਾ ਦੇਣਗੇ। ਮੇਰਠ, ਫੈਜ਼ਾਬਾਦ, ਲਖਨਊ ਤੇ ਕਾਨਪੁਰ ਦੀਆਂ ਛਾਉਣੀਆਂ ਵਿੱਚ ਸਿਪਾਹੀਆਂ ਉਸ ਨੂੰ ਆਪਣੇ ਖ਼ੂਨ ਨਾਲ ਲਿਖ ਕੇ ਦਿੱਤਾ, "ਅਸੀਂ ਲੜ ਮਰਾਂਗੇ।" ਅਲਾਹਬਾਦ, ਜਬਲਪੁਰ ਤੇ ਢਾਕਾ ਵਿੱਚ ਯਕੀਨ-ਦਹਾਨੀਆਂ ਹੋਈਆਂ। ਰੰਗੂਨ (ਬਰਮਾ) ਦੇ ਇਨਕਲਾਬੀ ਦਫ਼ਤਰ 16 ਡਮੰਜ਼ਨ ਸਟ੍ਰੀਟ ਵਿੱਚ ਗ਼ਦਰ ਪਾਰਟੀ ਦੇ ਆਗੂਆਂ ਨੂੰ ਪੈਗ਼ਾਮ ਆਏ: ਬਰਮਾ ਤੇ ਮਲਾਇਆ ਤੋਂ ਵੀ ਸੂਰਮੇ ਆਣਗੇ।

ਏਸ ਦੌਰ ਦੇ ਹਾਲਾਤ ਖੰਘਾਲਣ ਤੋਂ ਪਤਾ ਚਲਦਾ ਏ ਪੰਜਾਬ ਦੇ ਇਨਕਲਾਬੀਆਂ ਦਾ ਹਿੰਦੁਸਤਾਨ ਭਰ ਦੇ ਇਨਕਲਾਬੀਆਂ ਨਾਲ ਰਾਬਤਾ ਕਾਇਮ ਸੀ। ਉਹ ਗ਼ੁਲਾਮੀ ਦੀ ਪੰਜਾਲੀ ਭੰਨ੍ਹਣ ਲਈ ਸਿਰ-ਧੜ ਦੀ ਬਾਜ਼ੀ ਲਾ ਚੁੱਕੇ ਸਨ। ਹਰ ਇਨਕਲਾਬੀ ਜਾਨ ਦੀ ਕੀਮਤ ਤੇ ਆਜ਼ਾਦੀ ਹਾਸਲ ਕਰਨ ਤੇ ਤੁਲ ਗਿਆ ਸੀ।

1914 ਈ. ਦੇ ਆਖ਼ਰੀ ਦੇ ਮਹੀਨਿਆਂ ਵਿੱਚ ਇਨਕਲਾਬੀ ਕਾਰਵਾਈਆਂ ਬਹੁਤ ਤੇਜ਼ ਹੋ ਗਈਆਂ ਸਨ। ਰੇਲ ਗੱਡੀਆਂ 'ਚੋਂ ਸਰਕਾਰੀ ਖ਼ਜ਼ਾਨੇ ਦਾ ਰੁਪਿਆ ਕਈ ਜਗ੍ਹਾ ਲੁੱਟਿਆ ਗਿਆ। ਥਾਣਿਆਂ ਵਿੱਚੋਂ ਅਸਲਾ ਲੁੱਟਿਆ ਗਿਆ। ਮਿਲਟਰੀ ਦਾ ਅਸਲਾ ਵੀ ਚੁਰਾਇਆ ਗਿਆ। ਬ੍ਰਿਟਿਸ਼ ਗੌਰਮਿੰਟ ਬਿਲਬਿਲਾ ਉਠੀ। ਇੱਕ ਆਰਡੀਨੈਂਸ ਜਾਰੀ ਕੀਤਾ ਜਿਹਦੀ ਰੂਹ ਨਾਲ ਦਹਿਸ਼ਤਪਸੰਦਾਂ ਨੂੰ ਸਰਸਰੀ ਸਮਾਅਤ ਦੀਆਂ ਅਦਾਲਤਾਂ ਦੇ ਸਪੁਰਦ ਕਰਨ ਦੀ ਧਮਕੀ ਦਿੱਤੀ ਗਈ। ਇਹ ਕਾਲਾ ਕਾਨੂੰਨ ਵੀ ਆਜ਼ਾਦੀ ਦੇ ਮਤਵਾਲਿਆਂ ਦੇ ਹੌਂਸਲੇ ਘੱਟ ਨਾ ਕਰ ਸਕਿਆ। ਬੰਬ ਫੱਟਦੇ ਰਹੇ। ਧਮਾਕੇ ਹੁੰਦੇ ਰਹੇ। ਗੋਲੀਆਂ ਬਰਸਾਈਆਂ ਜਾਂਦੀਆਂ ਰਹੀਆਂ।

15 ਫਰਵਰੀ 1915 ਈ. ਦੀ ਤਾਰੀਖ਼ ਇਨਕਲਾਬ ਬਰਪਾ ਕਰਨ ਲਈ ਮੁਕੱਰਰ ਹੋ ਗਈ। ਹਰ ਸੀਨੇ ਵਿਚ ਜੋਸ਼ ਤੇ ਹਰ ਸਿਰ ਵਿੱਚ ਸ਼ਹਾਦਤ ਦਾ ਸਵਾਦ ਸਮਾਯ ਗਿਆ। ਅੰਮ੍ਰਿਤਸਰ ਵਿੱਚ ਇੱਕ ਪ੍ਰੈਸ ਖ਼ਰੀਦ ਲਿਆ ਗਿਆ ਜਿਹੜਾ ਬਾਗ਼ੀਆਨਾ ਲਿਟਰੇਚਰ ਛਾਪਣ ਦਾ ਕੰਮ ਕਰਦਾ ਰਿਹਾ। ਇਹ ਲੋਕਾਂ ਵਿੱਚ ਮੁਫ਼ਤ ਤਕਸ਼ੀਮ ਕੀਤਾ ਜਾਂਦਾ ਸੀ। ਬੰਬ ਬਣਾਨ ਦੀਆਂ ਦੋ ਫ਼ੈਕਟਰੀਆਂ ਮੌਜ਼ਿਆ 'ਚੱਬੇਵਾਲ' ਤੇ 'ਲੋਹਟਬੱਦੀ' ਵਿੱਚ ਕਾਇਮ ਕੀਤੀਆਂ ਗਈਆਂ। ਬੰਬ ਇਨਕਲਾਬੀ ਸੈਂਟਰਾਂ ਵਿੱਚ ਖ਼ੁਫ਼ੀਆ ਤਰੀਕਿਆਂ ਨਾਲ ਭਿਜਵਾਏ ਜਾਂਦੇ ਰਹੇ। ਹੋਰ ਅਸਲਾ ਲੈਣ ਲਈ ਜਗਤ ਰਾਮ ਨੂੰ ਕਾਬਲ ਭੇਜਿਆ ਗਿਆ ਤੇ ਪਰਮਾਨੰਦ (ਝਾਂਸੀ ਦਾ ਰਹਿਣ ਵਾਲਾ ਸੀ) ਬੰਗਾਲ ਚਲਾ ਗਿਆ। ਉਹਦਾ ਮਕਸਦ ਇਨਕਲਾਬ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣਾ ਸੀ। ਉਹ ਵੇਖਣਾ ਚਾਹੁੰਦਾ ਸੀ ਕਿ 15 ਫ਼ਰਵਰੀ ਲਈ ਕੀ ਇੰਤਜ਼ਾਮ ਕੀਤੇ ਗਏ ਨੇ। ਇਨਕਲਾਬੀਆਂ ਨੇ ਇੱਕ ਚੌਰੰਗੇ ਝੰਡੇ ਨੂੰ ਆਪਣਾ ਨਿਸ਼ਾਨ ਬਣਾਇਆ। ਇਹ ਨਿਸ਼ਾਨ ਹਿੰਦੁਸਤਾਨ ਦੇ ਇਨਕਲਾਬੀ ਸੈਂਟਰਾਂ ਨੂੰ ਭੇਜ ਦਿੱਤਾ ਗਿਆ। ਇਹ ਅਫ਼ਸੋਸ ਦੀ ਗੱਲ ਏ, ਇਹਨਾਂ ਰੰਗਾਂ ਦਾ ਪਤਾ ਨਹੀਂ ਚੱਲ ਸਕਿਆ ਜਿਨ੍ਹਾਂ ਨੂੰ ਮਿਲਾ ਕੇ ਚੌਰੰਗਾ ਝੰਡਾ ਬਣਾਇਆ ਗਿਆ ਸੀ। ਨਾ ਈ ਇਹ ਪਤਾ ਲੱਗਾ ਏ ਕਿ ਝੰਡੇ ਦਾ ਸਾਈਜ਼ ਕੀ ਸੀ।

ਇਨਕਲਾਬ ਲਈ ਹਾਲਾਤ ਮੁਆਫ਼ਿਕ ਸਨ।

ਬਰਤਾਨੀਆ ਦੀ ਫ਼ੌਜ ਦਾ ਵੱਡਾ ਹਿੱਸਾ ਫ਼ਰਾਂਸ ਦੇ ਮੁਹਾਜ਼ ਉਤੇ ਲੜ ਰਿਹਾ ਸੀ। ਗ਼ਰੀਬਾਂ ਦੇ ਉਹ ਪੁੱਤਰ ਜਿਹੜੇ ਜਬਰੀ ਭਰਤੀ ਕੀਤੇ ਗਏ ਸਨ, ਉਹ ਲੜਨ ਲਈ ਤਿਆਰ ਨਹੀਂ ਸਨ। ਮਹਿੰਗਾਈ ਵੱਧ ਰਹੀ ਸੀ। ਹਿੰਦੁਸਤਾਨ ਦੇ ਕਈ ਸੂਬੇ ਕਹਿਤ-ਸਾਲੀ (ਭੁੱਖਮਰੀ) ਦੇ ਨੇੜੇ ਪੁੱਜ ਗਏ ਸਨ। ਚੋਰ ਬਾਜ਼ਾਰੀ ਹੋ ਰਹੀ ਸੀ। ਲੁਕਾਈ ਪਰੇਸ਼ਾਨ ਹਾਲ ਸੀ।

ਬਾਗ਼ੀਆਨਾ ਲਿਟਰੇਚਰ ਪੜ੍ਹ ਕੇ ਨੌਜਵਾਨ ਭੜਕ ਉੱਠੇ ਸਨ। ਅਸਲੇ ਨੇ ਉਨ੍ਹਾਂ ਨੂੰ ਜੁਰੱਅਤ ਦਿਲਾਈ ਸੀ। ਇਨਕਲਾਬ ਆਣ ਈ ਵਾਲਾ ਸੀ। ਇਹ ਅਫ਼ਵਾਹ ਫੈਲ ਗਈ ਸੀ ਕਿ ਹਿਮਾਲੀਆ ਪਹਾੜ ਤੋਂ 'ਸ਼੍ਰੀ ਮਹਾਂ ਪ੍ਰਭੂ ਜਗ ਬੰਧੂ' ਉੱਤਰ ਕੇ ਆਣਗੇ। ਉਹ ਤੇਰ੍ਹਾਂ ਵਰ੍ਹਿਆਂ ਤੋਂ ਚਿੱਲਾਕਸ਼ੀ ਕਰਦੇ ਰਹੇ ਨੇ। ਉਹ ਆਪਣੀ ਤਪੱਸਿਆ ਦੀ ਤਾਕਤ ਨਾਲ ਸਾਮਰਾਜ ਨੂੰ ਹਿੰਦੁਸਤਾਨ ਤੋਂ ਬਾਹਰ ਕੱਢ ਦੇਣਗੇ। ਆਸਾਮ ਤੋਂ ਲੈ ਕੇ ਪਿਸ਼ਾਵਰ ਤੱਕ ਇਹ ਗੱਲਾਂ ਹੋ ਰਹੀਆਂ ਸਨ: ਗ਼ੁਲਾਮੀ ਦਾ ਤੌਕ ਟੁੱਟਣ ਵਾਲਾ ਏ।

ਇਨਕਲਾਬੀਆਂ ਨੂੰ ਉਮੀਦ ਸੀ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ ਆਜ਼ਾਦੀ-ਪਸੰਦ ਫ਼ੌਜੀ ਇਨਕਲਾਬ ਲੈ ਆਣਗੇ। ਮੈਗਜ਼ੀਨ ਤੇ ਅਸਲਾ-ਖ਼ਾਨੇ ਕਬਜ਼ੇ ਵਿੱਚ ਆ ਜਾਣਗੇ। ਜ਼ੇਲ੍ਹ-ਖ਼ਾਨਿਆਂ ਵਿੱਚੋਂ ਆਜ਼ਾਦੀ ਦੇ ਮਤਵਾਲੇ ਰਿਹਾ ਕਰਾ ਲਏ ਜਾਣਗੇ। ਆਜ਼ਾਦੀ ਦੇ ਤਰਾਨੇ ਵਜਾਂਦੇ ਬੈਂਡ ਸੜਕਾਂ ਤੇ ਮਾਰਚ ਪਾਸਟ ਕਰਨਗੇ। ਬਰਤਾਨਵੀ ਹਕੂਮਤ ਦਾ ਨਾਂ ਨਿਸ਼ਾਣ ਮਿਟ ਜਾਏਗਾ। ਗ਼ੁਲਾਮੀ ਦੀਆਂ ਯਾਦਗਾਰਾਂ ਗ਼ਲਤ ਹਰਫ਼ਾਂ ਵਾਂਗੂੰ ਮਿਟਾ ਦਿੱਤੀਆਂ ਜਾਣਗੀਆਂ। ਪੰਜਾਬ ਦੇ ਮੁਜਾਹਿਦ ਤੇ ਜੀਆਲੇ ਪੁੱਤਰ ਹਿੰਦੁਸਤਾਨ ਨੂੰ ਆਜ਼ਾਦੀ ਦੀ ਨਿਅਮਤ (ਦਾਤ) ਨਾਲ ਮਾਲਾਮਾਲ ਕਰ ਦੇਣਗੇ। ਸਭ ਤੋਂ ਪਹਿਲਾਂ ਪੰਜਾਬ ਦੀਆਂ ਛਾਉਣੀਆਂ ਵਿੱਚੋਂ ਲਾਵਾ ਫੁੱਟੇਗਾ। ਫੇਰ ਇਹ ਅੱਗ ਸਾਰੇ ਹਿੰਦੁਸਤਾਨ ਵਿੱਚ ਫੈਲ ਜਾਏਗੀ। 1857 ਈ. ਦੀ ਆਜ਼ਾਦੀ ਦੀ ਜੰਗ ਤੋਂ ਬਾਅਦ ਇਹ ਮੁਨੱਜ਼ਮ ਕੋਸ਼ਿਸ਼ ਸੀ ਜੀਹਦੇ ਦਾਇਰੇ ਵਿੱਚ ਸਾਰਾ ਹਿੰਦੁਸਤਾਨ ਸੀ।

ਬੁਰਾ ਹੋਵੇ ਉਸ ਗ਼ੱਦਾਰ ਦਾ ਜੀਹਨੇ ਬਣਿਆ ਬਣਾਇਆ ਖੇਲ੍ਹ ਵਿਗਾੜ ਦਿੱਤਾ। 15 ਫਰਵਰੀ 1915 ਈ. ਇਨਕਲਾਬ ਲਿਆਣ ਦੀ ਤਾਰੀਖ਼ ਸੀ। ਮਰਦੂਦ ਵਤਨ-ਫ਼ਰੋਸ਼ ਕਿਰਪਾਲ ਸਿੰਘ ਨੇ ਪੁਲੀਸ ਨੂੰ ਮੁਖ਼ਬਰੀ ਕਰ ਦਿੱਤੀ। 14 ਫ਼ਰਵਰੀ ਦੀ ਰਾਤ ਨੂੰ ਜਦੋਂ ਲੋਕੀਂ ਸੌਂ ਕੇ ਜਾਗੇ ਤਾਂ ਉਹਨਾਂ ਵੇਖਿਆ ਗੋਰੇ ਫ਼ੌਜੀ ਸਟੇਨਗੰਨਾਂ ਲਈ ਚੱਲ ਫਿਰ ਰਹੇ ਨੇ। ਹਰ ਚੌਂਕ ਵਿੱਚ ਗੋਰੇ ਫ਼ੌਜੀਆਂ ਮੋਰਚੇ ਬਣਾਏ ਹੋਏ ਨੇ।

ਸੱਚੇ ਤੇ ਪੱਕੇ ਇਨਕਲਾਬੀਆਂ ਨੇ ਜਾਨਾਂ ਦੀਆਂ ਬਾਜ਼ੀਆਂ ਲਾ ਦਿੱਤੀਆਂ। ਇਨਕਲਾਬੀ ਗੱਭਰੂ ਜਵਾਨ ਕਰਤਾਰ ਸਿੰਘ ਸਰਾਭਾ ਪੰਜਾਹ ਇਨਕਲਾਬੀਆਂ ਨਾਲ ਫ਼ਿਰੋਜ਼ਪੁਰ ਛਾਉਣੀ ਪੁੱਜਿਆ। ਬੇਧੜਕ ਬੰਬ ਮਾਰੇ। ਧਮਾਕੇ ਹੋਏ। ਬਾਰਕਾਂ ਉੱਡ ਗਈਆਂ। ਗੋਰੇ ਫ਼ੌਜੀ ਮਾਰੇ ਗਏ ਤੇ ਜ਼ਖ਼ਮੀ ਹੋਏ। ਗੋਰਾ ਮਿਲਟਰੀ ਨੇ ਪੰਜਾਬੀ ਫ਼ੌਜਾਂ ਨੂੰ ਨਿਹੱਥਿਆਂ ਕਰ ਦਿੱਤਾ ਸੀ। ਇਨਕਲਾਬ ਦਾ ਸਾਥ ਕੌਣ ਦੇਂਦਾ। ਆਪਣੇ ਫ਼ੌਜੀ ਥੋੜ੍ਹੇ ਪੈ ਗਏ। ਸ਼ੇਰਦਿਲ ਕਰਤਾਰ ਸਿੰਘ ਸਰਾਭਾ ਖ਼ੂਨ ਦੇ ਹੰਝੂ ਰੋਇਆ। ਆਜ਼ਾਦੀ ਦਾ ਸੁਪਨਾ ਟੁੱਟ ਗਿਆ। ਉਮੀਦਾਂ ਮਿੱਟੀ ਵਿੱਚ ਮਿਲ ਗਈਆਂ। ਇੱਕ ਕਾਲੀ ਭੇਡ ਨੇ ਇਨਕਲਾਬੀ ਤਹਿਰੀਕ ਦਾ ਬੇੜਾ ਗਰਕ ਕਰ ਦਿੱਤਾ। ਦੋ ਹਫ਼ਤੇ ਪੰਜਾਬ ਦਹਿਸ਼ਤਪਸੰਦੀ ਦਾ ਮਰਕਜ਼ ਬਣਿਆ ਰਿਹਾ। ਥਾਣਿਆਂ ਉੱਤੇ ਬੰਬ ਸੁੱਟੇ ਗਏ। ਗੋਰੇ ਫ਼ੌਜੀਆਂ 'ਤੇ ਹਮਲੇ ਹੋਏ। ਬਰਤਾਨਵੀ ਸਾਮਰਾਜ ਨੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਦੋ ਸੌ ਇਨਕਲਾਬੀ ਗ੍ਰਿਫ਼ਤਾਰ ਕਰ ਲਏ ਗਏ। ਕਰਤਾਰ ਸਿੰਘ ਸਰਾਭਾ ਨੂੰ ਜ਼ੇਲ੍ਹ ਵਿੱਚ ਵਾਅਦਾ-ਮੁਆਫ਼ ਬਣਨ ਲਈ ਕਿਹਾ ਗਿਆ ਤੇ ਉਸ ਨੇ ਅੰਗ੍ਰੇਜ਼ ਅਫ਼ਸਰ ਦੇ ਮੂੰਹ 'ਤੇ ਥੁੱਕ ਦਿੱਤਾ। ਸਰ ਮਾਈਕਲ ਓਡਵਾਇਰ ਦੇ ਕਹਿਣ ਮੁਤਾਬਕ ਪਿੰਗਲੇ ਨੂੰ ਮੇਰਠ ਤੋਂ ਇਸ ਹਾਲ ਵਿੱਚ ਪਕੜਿਆ ਗਿਆ ਕਿ ਉਹਦੇ ਥੈਲੇ ਵਿੱਚ ਏਨੇ ਬੰਬ ਸਨ ਜਿਨ੍ਹਾਂ ਨਾਲ ਫ਼ੌਜ ਦੀ ਪੂਰੀ ਰਜਮੈਂਟ ਨੂੰ ਉਡਾਇਆ ਜਾ ਸਕਦਾ ਸੀ। ਪੰਜਾਬ ਦਾ ਸਪੁੱਤਰ ਜਗਤ ਰਾਮ ਪਿਸ਼ਾਵਰ ਤੋਂ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਇਆ ਗਿਆ।

ਇਨਕਲਾਬੀਆਂ ਦੇ ਇਰਾਦੇ ਤਾਂ ਮਿੱਟੀ ਵਿੱਚ ਮਿਲ ਗਏ ਪਰ ਹਿੰਦੁਸਤਾਨ ਵਿੱਚ ਸ਼ੋਰ ਹੰਗਾਮਾ ਹੋਇਆ। ਦਿੱਲੀ ਵਿੱਚ ਬੰਬ ਫਟੇ। ਬਨਾਰਸ ਵਿੱਚ ਗੋਲੀਆਂ ਵਰ੍ਹੀਆਂ। ਕਲਕੱਤਾ ਵਿੱਚ ਫ਼ੌਜੀ ਲਾਰੀਆਂ ਉੱਡਾ ਦਿੱਤੀਆਂ ਗਈਆਂ। ਜਬਲਪੁਰ ਦੇ ਆਰਸਨਲ ਤੇ ਧਾਵਾ ਬੋਲਿਆ ਗਿਆ। ਅਲਾਹਬਾਦ ਦੇ ਡਿਪਟੀ ਕਮਿਸ਼ਨਰ ਦੀ ਅਦਾਲਤ ਵਿੱਚ ਧਮਾਕਾ ਹੋਇਆ। ਸਤੰਬਰ 1915 ਈ. ਤਾਈਂ ਦਹਿਸ਼ਤਪਸੰਦ ਤਹਿਰੀਕ ਦਬਾਈ ਨਾ ਜਾ ਸਕੀ। ਆਜ਼ਾਦੀ ਦੇ ਪਰਵਾਨੇ ਸ਼ਮਾਂ ਵੱਲ ਵਧਦੇ ਰਹੇ। ਇਹਨਾਂ ਤਾਂ ਜਾਨਾਂ ਦੀ ਬਾਜ਼ੀ ਲਾ ਦਿੱਤੀ, ਪਰ ਉਹਦਾ ਚਾਅ ਪੂਰਾ ਨਾ ਹੋਇਆ। ਹਿੰਦੁਸਤਾਨ ਗ਼ੁਲਾਮ ਹੀ ਰਿਹਾ । ਇਨਕਲਾਬੀ ਹਿੰਦੁਸਤਾਨ ਭਰ ਤੋਂ ਗ੍ਰਿਫ਼ਤਾਰ ਕਰਕੇ ਲਾਹੌਰ ਸੈਂਟਰਲ ਜ਼ੇਲ੍ਹ ਲਿਆਂਦੇ ਗਏ ਤੇ ਬਾਰਕ ਨੰਬਰ 16 ਵਿੱਚ ਬੰਦ ਕਰ ਦਿੱਤੇ ਗਏ। ਇਮਪੀਰੀਅਲ ਲੈਜਿਸਲੇਟਿਵ ਕਾਊਂਸਲ ਨੇ 'ਡੀਫੈਂਸ ਆਫ਼

ਇੰਡੀਆ ਐਕਟ' ਦੀ ਆੜ ਵਿੱਚ ਕਾਲਾ ਕਾਨੂੰਨ ਪਾਸ ਕੀਤਾ ਤੇ ਇੱਕ ਸਪੈਸ਼ਲ ਟ੍ਰਿਬਿਊਨਲ ਕਾਇਮ ਹੋਇਆ, ਜਿਸ ਦੇ ਸਪੁਰਦ ਇਨਕਲਾਬੀਆਂ ਦੀਆਂ ਕਿਸਮਤਾਂ ਕਰ ਦਿੱਤੀਆਂ ਗਈਆਂ। ਜਿਹੜਾ ਟ੍ਰਿਬਿਊਨਲ ਪੰਜਾਬ ਲਈ ਬਣਿਆ ਉਸ ਦਾ ਇਕ ਰੁਕਨ ਸ਼ਿਵ ਨਾਰਾਇਣ ਸ਼ਰਮਾ ਇਕੱਲਾ ਹਿੰਦੁਸਤਾਨੀ ਸੀ, ਬਾਕੀ ਮੈਂਬਰ ਅੰਗਰੇਜ਼। 27 ਮਾਰਚ 1915 ਈ. ਨੂੰ ਮੁਕੱਦਮੇ ਦੀ ਪਹਿਲੀ ਪੇਸ਼ੀ ਹੋਈ। ਬਾਰਕ ਨੰਬਰ 16 ਵਿੱਚ ਅਦਾਲਤ ਬੈਠੀ। ਸਰਕਾਰੀ ਵਕੀਲ ਮਿਸਟਰ ਪਿਟਮੈਨ ਵਕੀਲਾਂ ਦੀ ਖੇਪ ਨਾਲ ਅਦਾਲਤ ਦੇ ਸੱਜੇ ਪਾਸੇ ਖੜ੍ਹੇ ਸਨ। ਉਹਨਾਂ ਦੇ ਪਿੱਛੇ ਸੀ. ਆਈ. ਡੀ. ਦੇ ਗੁਰਗੇ ਸਨ। 65 ਇਨਕਲਾਬੀ ਹੱਥਕੜੀਆਂ ਤੇ ਬੇੜੀਆਂ ਨਾਲ ਖੱਬੇ ਪਾਸੇ ਖੜ੍ਹੇ ਸਨ। ਉਹਨਾਂ ਤੇ ਸ਼ਹਿਨਸ਼ਾਹਿ-ਹਿੰਦ ਦੀ ਹਕੂਮਤ ਦੇ ਖਿਲਾਫ਼ ਬਗ਼ਾਵਤ ਦਾ ਜ਼ੁਰਮ ਸੀ। ਪਹਿਲੀ ਕਤਾਰ ਵਿੱਚ ਸੱਠ ਸਾਲਾ ਬੁੱਢਾ ਇਨਕਲਾਬੀ ਭਾਨ ਸਿੰਘ ਤੇ ਮੁਨਸ਼ੀ ਕਰੀਮ ਬਖ਼ਸ਼ ਸਨ। ਉਹਨਾਂ ਦੇ ਨਾਲ ਈ ਬਾਬਾ ਸੋਹਣ ਸਿੰਘ ਭਕਨਾ ਤੇ ਮੁਹੰਮਦ ਦੀਨ ਸਨ। ਉਹਨਾਂ ਦੇ ਨੇੜੇ ਗੱਭਰੂ ਜਵਾਨ ਕਰਤਾਰ ਸਿੰਘ ਸਰਾਭਾ, ਪ੍ਰਿਥਵੀ ਸਿੰਘ ਤੇ ਅਲੀ ਸ਼ੇਰ ਸਨ। ਗੁਰਮੁਖ ਸਿੰਘ ਵੀ ਲਾਗੇ ਬੇੜੀਆਂ ਨਾਲ ਜਕੜਿਆ ਖੜ੍ਹਾ ਸੀ। ਹਕੂਮਤ ਵੱਲੋਂ 404 ਗਵਾਹ ਪੇਸ਼ ਹੋਏ। ਬਹੁਤੇ ਗਵਾਹ ਪੁਲੀਸ ਨੇ ਮਜਬੂਰ ਕਰਕੇ ਬਣਾਏ ਸਨ। ਆਹਲਾ ਸਿੰਘ ਨੰਬਰਦਾਰ ਨੇ ਗਵਾਹੀ ਦੇ ਕੇ ਥਾਣੇਦਾਰ ਨੂੰ ਟ੍ਰਿਬਿਊਨਲ ਦੇ ਸਾਹਮਣੇ ਆਖ ਦਿੱਤਾ, "ਜਨਾਬ, ਹੁਣ ਤੇ ਰਾਜ਼ੀ ਹੋ ਗਏ ਓ।" ਦੂਜੇ ਗਵਾਹ ਨੇ ਜਿਰਾਹ ਵਿੱਚ ਮੰਨਿਆ ਓਸ ਤੇ ਸਰਕਾਰ ਦੀ ਮਰਜ਼ੀ ਪੂਰੀ ਕੀਤੀ ਏ।

ਸਫ਼ਾਈ ਵਿੱਚ 228 ਪੱਕੇ ਪੀਡੇ ਗਵਾਹ ਪੇਸ਼ ਹੋਏ। ਉਨ੍ਹਾਂ ਨੂੰ ਅਦਾਲਤ ਵਿੱਚ ਧਮਕੀਆਂ ਦਿੱਤੀਆਂ ਗਈਆਂ। ਇਨਸਾਫ਼ ਦੀ ਮਿੱਟੀ ਪਲੀਤ ਕੀਤੀ ਗਈ। ਗ਼ਦਰ ਪਾਰਟੀ ਦੇ ਜਿਹੜੇ ਸੱਤ ਲੀਡਰ ਕਲਕੱਤਾ ਵਿੱਚ ਗ੍ਰਿਫ਼ਤਾਰ ਕਰ ਲਏ ਗਏ ਸਨ, ਉਹਨਾਂ ਨੂੰ ਮੁਜਰਮਾਂ ਦੀ ਇਆਨਤ (ਮਦਦ) ਕਰਨ ਦੇ ਜ਼ੁਰਮ ਵਿੱਚ ਧਰ ਲਿਆ ਗਿਆ। ਸਾਰੇ ਇਲਕਲਾਬੀ ਇਸ ਟ੍ਰਿਬਿਊਨਲ ਦੀ ਕਾਰਵਾਈ ਦਾ ਮਜ਼ਾਕ ਉਡਾਉਂਦੇ ਰਹੇ। ਜਦੋਂ ਫ਼ਰਦ ਜ਼ੁਰਮ ਲੱਗੀ, ਇਕਰਾਰ ਯਾਂ ਇਨਕਾਰ ਪੁੱਛਿਆ ਗਿਆ, ਤਾਂ ਸ਼ੇਰ ਦਿਲ ਗੱਭਰੂ ਕਰਤਾਰ ਸਿੰਘ ਸਰਾਭਾ ਬਘੇਲੇ ਵਾਂਗੂੰ ਗੱਜਿਆ। ਓਸ ਆਖਿਆ, "ਅਸਾਂ ਕੋਈ ਜ਼ੁਰਮ ਨਹੀਂ ਕੀਤਾ, ਨਾ ਕੋਈ ਸਾਜ਼ਿਸ਼ ਕੀਤੀ ਏ। ਅਸਾਂ ਤਾਂ ਬਰਤਾਨਵੀ ਸਾਮਰਾਜ ਨੂੰ ਲਲਕਾਰਿਆ ਏ। ਆਜ਼ਾਦੀ ਲਈ ਕੋਸ਼ਿਸ਼ ਕੀਤੀ ਏ। ਆਜ਼ਾਦੀ ਹਾਸਲ ਕਰਨਾ ਹਰ ਗ਼ੁਲਾਮ ਦਾ ਹੱਕ ਏ। ਅਸੀਂ ਸਾਮਰਾਜ ਦੇ ਬਾਗ਼ੀ ਆਂ, ਸਾਜ਼ਸ਼ੀ ਨਹੀਂ।" ਇੱਕ ਜੱਜ ਨੇ ਆਖਿਆ, "ਤੈਨੂੰ ਪਤਾ ਏ ਤੇਰੇ ਏਸ ਬਿਆਨ ਨਾਲ ਤੈਨੂੰ ਕੀ ਸਜ਼ਾ ਮਿਲੇਗੀ?" ਪੰਜਾਬ ਦੇ ਜੀਆਲੇ ਪੁੱਤਰ ਨੇ ਜਵਾਬ ਦਿੱਤਾ, "ਮੈਨੂੰ ਪਤਾ ਏ ਮੌਤ ਦੀ ਸਜ਼ਾ ਹੋ ਸਕਦੀ ਏ। ਮੈਂ ਗ਼ੁਲਾਮੀ ਦੀ ਜ਼ਿੰਦਗੀ ਨਾਲੋਂ ਇੱਜ਼ਤ ਦੀ ਮੌਤ ਮਰਨ ਨੂੰ ਚੰਗਾ ਸਮਝਦਾ ਆਂ।" ਸਾਰਿਆਂ ਇਨਕਲਾਬੀਆਂ ਸਾਜ਼ਿਸ਼ ਦੇ ਜ਼ੁਰਮ ਤੋਂ ਇਨਕਾਰ ਕੀਤਾ ਤੇ ਆਖਿਆ, ਅਸਾਂ ਇਨਕਲਾਬ ਲਿਆਣਾ ਚਾਹਿਆ ਸੀ। ਅਸਾਂ ਆਜ਼ਾਦੀ ਲਈ ਕੋਸ਼ਿਸ਼ ਕੀਤੀ ਸੀ। ਅਸੀਂ ਲੋਕਾਂ ਨੂੰ ਜਗਾਇਆ ਏ, ਸਾਮਰਾਜ ਦੀਆਂ ਕੰਧਾਂ ਹਿਲਾਈਆਂ ਨੇ।

ਮੁਕੱਦਮੇ ਦੀ ਕਾਰਵਾਈ ਜੂਨ 1915 ਈ. ਦੇ ਆਖ਼ਰੀ ਦਿਨਾਂ ਵਿਚ ਖ਼ਤਮ ਹੋ ਗਈ। ਟ੍ਰਿਬਿਊਨਲ ਦੇ ਜੱਜ ਗਰਮੀਆਂ ਗੁਜ਼ਾਰਣ ਲਈ ਪਹਾੜ 'ਤੇ ਚਲੇ ਗਏ। ਓਥੇ ਉਹਨਾਂ ਫ਼ੈਸਲਾ ਲਿਖਿਆ। ਇਨਕਲਾਬੀਆਂ ਨੂੰ ਸਣੇ ਬੇੜੀਆਂ ਕਾਲ ਕੋਠੜੀਆਂ ਵਿੱਚ ਬੰਦ ਕਰ ਦਿੱਤਾ ਗਿਆ। ਕਹਿਰ ਦੀ ਗਰਮੀ ਤੇ ਘੁੱਟਣ ਵਿੱਚ ਵੀ ਬੇੜੀਆਂ ਨਾ ਲਾਹੀਆਂ ਗਈਆਂ। ਉਹ ਤਿੰਨ ਮਹੀਨੇ ਸੜਦੇ ਰਹੇ। 13 ਸਤੰਬਰ 1915 ਨੂੰ ਜੱਜ ਪਹਾੜ ਤੋਂ ਵਾਪਸ ਆਏ। ਲਾਹੌਰ ਸੈਂਟਰਲ ਜ਼ੇਲ੍ਹ ਦੀ ਬਾਰਕ ਨੰਬਰ 16 ਵਿੱਚ ਅਦਾਲਤ ਲੱਗੀ। ਹੁਕਮ ਸੁਣਾਇਆ ਗਿਆ। ਚੌਵੀ (24) ਇਨਕਲਾਬੀਆਂ ਨੂੰ ਸਜ਼ਾਏ-ਮੌਤ ਦਿੱਤੀ ਗਈ। ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ। ਇਹਨਾਂ ਵਿੱਚ ਪਹਿਲਾ ਨਾਂ ਲੁਧਿਆਣੇ ਦੇ ਜੀਆਲੇ ਪੁੱਤਰ ਕਰਤਾਰ ਸਿੰਘ ਸਰਾਭਾ ਦਾ ਸੀ। ਹੁਸ਼ਿਆਰਪੁਰ ਦਾ ਅਲੀ ਸ਼ੇਰ ਸੀ। ਲਾਹੌਰ ਦਾ ਤਾਜਰ ਜਗਤ ਸਿੰਘ ਸੀ। ਮਹਾਰਾਸ਼ਟਰ ਦਾ ਦਹਿਸ਼ਤ ਪਸੰਦ ਪਿੰਗਲੇ ਸੀ। ਸਿਆਲਕੋਟ ਦਾ ਜ਼ਿਮੀਂਦਾਰ ਹਰਨਾਮ ਸਿੰਘ ਸੀ। ਜਲੰਧਰ ਦਾ ਗਰੀਬ ਕਿਸਾਨ ਫ਼ਜ਼ਲ ਦੀਨ ਸੀ। ਝਾਂਸੀ ਦਾ ਬਾਗ਼ੀ ਪਰਮਾਨੰਦ ਸੀ। ਹੁਸ਼ਿਆਰਪੁਰ ਦਾ ਸ਼ਹੀਦੇ-ਵਤਨ ਜਗਤ ਰਾਮ ਸੀ। ਅੰਬਾਲੇ ਦਾ ਪ੍ਰਿਥਵੀ ਸਿੰਘ ਜ਼ਿਮੀਂਦਾਰ ਸੀ। ਲੁਧਿਆਣੇ ਦੇ ਕਿਸਾਨ ਜ਼ਿਮੀਂਦਾਰ ਨੰਦ ਸਿੰਘ ਤੇ ਬਦਰ ਦੀਨ ਸਨ। ਹੁਸ਼ਿਆਰਪੁਰ ਦਾ ਲੱਖਪਤੀ ਹਰਨਾਮ ਸਿੰਘ ਟੁੰਡੀਲਾਟ ਸੀ। ਅੰਮ੍ਰਿਤਸਰ ਦੇ ਬਾਗ਼ੀ ਸੋਹਣ ਸਿੰਘ ਭਕਨਾ ਤੇ ਨਿਧਾਨ ਸਿੰਘ ਸਨ।

ਛੱਬੀ (26) ਇਨਕਲਾਬੀਆਂ ਨੂੰ ਕਾਲੇਪਾਣੀ ਦੀ ਸਜ਼ਾ ਹੋਈ। ਉਹਨਾਂ ਵਿੱਚ ਮੁਹੰਮਦ ਦੀਨ ਸੀ। ਉਹਦੇ ਨਾਲ ਲਾਹੌਰ ਦਾ ਲੱਖਪਤੀ ਮਦਨ ਸਿੰਘ ਗਾਗਾ ਤੇ ਅੰਮ੍ਰਿਤਸਰ ਦੇ

ਬਾਗ਼ੀ ਪੁੱਤਰ ਅਬਦੁਲ ਮਜੀਦ, ਵਿਸਾਖਾ ਸਿੰਘ ਤੇ ਸ਼ੇਰ ਸਿੰਘ ਸਨ। ਉਹਨਾਂ ਦੇ ਨਾਲ ਬੜੇ ਜ਼ਿਮੀਂਦਾਰ ਖ਼ਾਨਦਾਨ ਦਾ ਬਾਗ਼ੀ ਜਵਾਨ ਜਵਾਲਾ ਸਿੰਘ ਸੀ। ਫ਼ਿਰੋਜ਼ਪੁਰ ਦੇ ਜੀਆਲੇ ਪੁੱਤਰ ਰੂੜ ਸਿੰਘ ਤੇ ਗ਼ੁਲਾਮ ਅਬਾਸ ਬਾਕੀ ਬਹਾਦਰਾਂ ਦੇ ਨਾਂ ਨਹੀਂ ਮਿਲੇ। ਸਾਰਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ ਤੇ ਕਾਲੇ ਪਾਣੀ (ਜਜ਼ੀਰਾ ਅੰਡੇਮਾਨ ਨਿਕੋਬਾਰ) ਭੇਜ ਦਿੱਤੇ ਗਏ। ਏਸ ਫ਼ੈਸਲੇ ਬਾਰੇ ਜੁਡੀਸ਼ਲ ਅਪੀਲ ਵੀ ਨਹੀਂ ਹੋ ਸਕਦੀ ਸੀ।

ਇਹ ਦੌਰ ਪੰਜਾਬ ਦੇ ਲਾਅਨਤੀ ਗਵਰਨਰ ਸਰ ਮਾਈਕਲ ਓਡਵਾਇਰ ਦਾ ਸੀ। ਉਸ ਨੇ ਗ਼ਦਰ ਪਾਰਟੀ ਵਿੱਚ ਹਿੱਸਾ ਲੈਣ ਵਾਲੇ ਇਨਕਲਾਬੀ ਸਿੱਖਾਂ ਦੇ ਖ਼ਿਲਾਫ਼ ਆਪਣੇ ਖ਼ਾਸ ਵਫ਼ਾਦਾਰ ਸਰ ਸੁੰਦਰ ਸਿੰਘ ਮਜੀਠੀਆ ਤੇ ਸਰਦਾਰ ਬਹਾਦਰ ਗੱਜਣ ਸਿੰਘ ਜਗੀਰਦਾਰ ਦੀ ਮਦਦ ਨਾਲ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਤੋਂ ਅਕਾਲ ਤਖ਼ਤ ਦੇ ਸਾਹਮਣੇ ਇਹ ਫ਼ੈਸਲਾ ਕਰਾ ਦਿੱਤਾ ਕਿ ਜਿਨ੍ਹਾਂ ਸਿੱਖਾਂ ਗ਼ਦਰ ਪਾਰਟੀ ਵਿੱਚ ਹਿੱਸਾ ਲਿਆ ਏ, ਉਹਨਾਂ ਨੂੰ ਸਿੱਖ ਧਰਮ ਤੋਂ ਖ਼ਾਰਜ ਕੀਤਾ ਜਾਂਦਾ ਏ। ਸਾਮਰਾਜ ਦੇ ਪਾਲਤੂ ਕੁੱਤੇ ਤੇ ਟੋਡੀ ਉਹਦੇ ਇਸ਼ਾਰੇ ਤੇ ਕੀਹ ਕੁਝ ਨਹੀਂ ਕਰਦੇ ਰਹੇ? ਇਹਨਾਂ ਕਾਲੀਆਂ ਭੇਡਾਂ ਨੇ ਪੰਜਾਬ ਨੂੰ ਬਦਨਾਮ ਕੀਤਾ। ਖ਼ਿਤਾਬਾਂ ਤੇ ਜਗੀਰਾਂ ਦੇ ਇਹ ਭੁੱਖੇ ਪੰਜਾਬ ਦੀ ਧਰਤੀ ਲਈ ਕਲੰਕ ਦਾ ਟਿੱਕਾ ਸਨ। ਆਜ਼ਾਦੀ ਦੀ ਤਵਾਰੀਖ਼ ਵੀ ਉਹਨਾਂ ਨੂੰ ਕਦੀ ਮੁਆਫ਼ ਨਹੀਂ ਕਰੇਗੀ।

ਆਖ਼ਰ ਉਹ ਘੜੀ ਆ ਗਈ, ਜਦੋਂ ਫ਼ਾਂਸੀ ਦੇ ਫੰਦੇ ਦਰੁਸਤ ਕੀਤੇ ਗਏ। ਤਖ਼ਤੇ ਧੋਏ ਗਏ। ਕਾਲ ਕੋਠੜੀਆਂ ਦੇ ਸਾਹਮਣੇ ਪਾਣੀ ਦੀਆਂ ਬਾਲਟੀਆਂ ਭਰ ਕੇ ਰੱਖ ਦਿੱਤੀਆਂ ਗਈਆਂ। ਪੰਜਾਬ ਦੇ ਬਹਾਦਰ ਤੇ ਨਿੱਡਰ ਪੁੱਤਰ, ਆਜ਼ਾਦੀ ਦੇ ਪਰਵਾਨੇ, ਇਸ਼ਨਾਨ ਕਰਣ ਲੱਗ ਪਏ। ਨਹਾਣ ਤੋਂ ਫ਼ਾਰਗ ਹੋਏ ਤਾਂ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਣ ਲੱਗ ਪਏ। ਸਭ ਤੋਂ ਪਹਿਲਾਂ 19 ਸਾਲ ਦੇ ਸ਼ੇਰ ਦਲੇਰ ਗੱਭਰੂ ਕਰਤਾਰ ਸਿੰਘ ਸਰਾਭਾ ਨੂੰ ਫ਼ਾਂਸੀ ਘਰ ਵਿੱਚ ਲਿਆਂਦਾ ਗਿਆ। ਉਹ ਫੱਟੇ 'ਤੇ ਤਣ ਕੇ ਖੜ੍ਹ ਗਿਆ। ਉਹ ਮੁਸਕਰਾਇਆ। ਉਹਦਾ ਚਿਹਰਾ ਨੂਰੋ-ਨੂਰ ਹੋ ਗਿਆ।

ਜ਼ੇਲ੍ਹ ਦੇ ਅਫ਼ਸਰ ਨੇ ਪੁੱਛਿਆ- "ਤੁਸਾਂ ਰਹਿਮ ਦੀ ਅਪੀਲ ਕਿਉਂ ਨਹੀਂ ਕੀਤੀ?"

ਸਾਮਰਾਜ ਦਾ ਨੌਕਰ ਇਨਕਲਾਬੀ ਜਵਾਨ ਦਾ ਜਵਾਬ ਸੁਣ ਕੇ ਸ਼ਰਮਾ ਗਿਆ। ਕਰਤਾਰ ਸਿੰਘ ਆਖਿਆ ਸੀ- "ਜੇ ਖ਼ੁਦਾ ਮੈਨੂੰ ਲੱਖ ਜੀਵਨ ਬਖ਼ਸ਼ੇ ਤਾਂ ਮੈਂ (ਉਹ ਸਾਰੇ) ਜੀਵਨ ਦੇਸ਼ ਦੀ ਆਜ਼ਾਦੀ ਤੋਂ ਕੁਰਬਾਨ ਕਰ ਦਿਆਂਗਾ।"

ਉਸ ਨੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਇਆ। ਫ਼ਾਂਸੀ ਦਾ ਫੰਦਾ ਚੁੰਮਿਆ ਤੇ ਗਲ ਵਿੱਚ ਪਾ ਲਿਆ। ਫੱਟਾ ਖਿੱਚਿਆ ਗਿਆ। ਉਹ ਤੜਪਿਆ ਤੇ ਸੁਰਖ਼ਰੂ ਹੋ ਗਿਆ। ਮਸ਼ਹੂਰ ਇਨਕਲਾਬੀ ਜਗਤ ਰਾਮ ਨੇ ਇਹ ਬੋਲ ਕਹੇ-

ਸਦਾ ਜਿਊਂਦਾ ਰਹੇਂਗਾ
ਪੰਜਾਬ ਦਿਆ ਸਪੁੱਤਰਾ
ਗ਼ਦਰ ਪਾਰਟੀ ਦਿਆ ਸੂਰਮਿਆਂ
ਆਣ ਵਾਲੇ ਜ਼ਮਾਨੇ ਵਿੱਚ
ਲੋਕੀਂ ਤੇਰਾ ਨਾਂ ਲੈਣਗੇ

ਉੱਨੀ ਸੌ ਬਹੱਤਰ ਦੇ ਮੱਘਰ ਦੀ ਦੂਸਰੀ ਤਾਰੀਖ਼ ਸੀ (ਬਿਕਰਮੀ)

ਜਿਸ ਦਿਨ ਹੱਸ ਕੇ ਫਾਂਸੀ ਚੜ੍ਹੇ ਸਨ ਸੂਰਮੇ
ਏਹਨਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ
ਸਦਾ ਯਾਦ ਰੱਖਣਗੇ ਆਣ ਵਾਲੇ ਸੂਰਮੇ !!

19 ਨਵੰਬਰ 1915 ਈ. ਦੀ ਸੁਬਹ ਸਵੇਰੇ 21 ਦਹਿਸ਼ਤਪਸੰਦ ਇਨਕਲਾਬੀ, ਅੰਗ੍ਰੇਜ਼ ਰਾਜ ਦੇ ਬਾਗ਼ੀ ਜਵਾਨ ਲਾਹੌਰ ਸੈਂਟਰਲ ਜ਼ੇਲ੍ਹ ਵਿੱਚ ਫ਼ਾਂਸੀ ਲਾ ਦਿੱਤੇ ਗਏ। ਉਹਨਾਂ ਜਵਾਨਾਂ ਦਲੇਰਾਂ ਤੇ ਸ਼ੇਰਾਂ ਨੇ ਹੱਸ ਹੱਸ ਕੇ ਆਪਣਿਆਂ ਗਲਾਂ ਵਿੱਚ ਫਾਹੀਆਂ ਪਾਈਆਂ, 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਏ ਤੇ ਜਾਨਾਂ ਕੁਰਬਾਨ ਕੀਤੀਆਂ। ਆਜ਼ਾਦੀ ਲਈ ਕੋਸ਼ਿਸ਼ ਕੀਤੀ ਤੇ ਸ਼ਹਾਦਤ ਪਾਈ।

ਇਹ ਸਭ ਤਹਿਰੀਕੇ-ਆਜ਼ਾਦੀ ਦੇ ਰੌਸ਼ਨ ਮੀਨਾਰ ਨੇ। ਇਹਨਾਂ ਦਾ ਨਾਂ ਸੁਨਹਿਰੇ ਲਫ਼ਜ਼ਾਂ ਵਿੱਚ ਲਿਖਿਆ ਜਾਏਗਾ। ਜੇ ਅਸਾਂ ਏਹਨਾਂ ਨੂੰ ਭੁਲਾ ਦਿੱਤਾ ਤਾਂ ਤਵਾਰੀਖ਼ ਦਾ ਸੁਨਹਿਰੀ ਵਰਕਾ ਗੁੰਮ ਹੋ ਜਾਏਗਾ। ਆਣ ਵਾਲਾ ਜ਼ਮਾਨਾ ਸਾਨੂੰ ਵੀ ਮੁਆਫ਼ ਨਹੀਂ ਕਰੇਗਾ। ਹਰ ਉਹ ਜਵਾਨ ਤੇ ਬੁੱਢਾ ਇੱਜ਼ਤ ਦੇ ਕਾਬਲ ਏ ਜਿਸ ਨੇ ਬਰਤਾਨੀਆ ਦੀ ਸਾਮਰਾਜੀ ਹਕੂਮਤ ਨੂੰ ਲਲਕਾਰਿਆ, ਬੰਦੀਖ਼ਾਨੇ ਦੇ ਦੁੱਖ ਤੇ ਤਕਲੀਫ਼ਾਂ ਬਰਦਾਸ਼ਤ ਕੀਤੀਆਂ ਯਾਂ ਫਿਰ ਫ਼ਾਂਸੀ ਪਾਈ ਤੇ ਆਜ਼ਾਦੀ ਲਈ ਸ਼ਹੀਦ ਹੋ ਗਿਆ। ਇਹਨਾਂ ਦੇ ਪਵਿੱਤਰ ਖ਼ੂਨ ਨਾਲ ਆਜ਼ਾਦੀ ਦੀ ਸ਼ਮ੍ਹਾਂ ਰੌਸ਼ਨ ਏਂ। ਖ਼ੁਦਾਵੰਦਿ ਦੋ-ਆਲਮ ਇਹਨਾਂ ਦੀਆਂ ਰੂਹਾਂ ਨੂੰ ਸਕੂਨ ਬਖ਼ਸ਼ੇ।

ਲਾਹੌਰ ਸੈਂਟਰਲ ਜੇਲ੍ਹ ਵਿੱਚੋਂ 29 (ਉਨੱਤੀ) ਇਨਕਲਾਬੀ ਕਾਲੇਪਾਣੀ ਭੇਜੇ ਗਏ। ਏਸੇ ਤਰ੍ਹਾਂ ਸੂਬਾਜਾਤ ਮੁਤੱਹਿਦਾ ਆਗਰਾ ਵਾ ਅਵਧ (ਉਤਰ ਪ੍ਰਦੇਸ਼-ਯੂ.ਪੀ.)

ਵਿੱਚ ਡੀਫੈਂਸ ਐਕਟ ਦੇ ਤਹਿਤ ਮੁਕਦੱਮਾਤ ਚਲਾਏ ਗਏ। ਪੰਜਾਬੀ ਫ਼ੌਜੀਆਂ ਨੂੰ ਸਜ਼ਾਏ-ਮੌਤ ਹੋਈ।

ਬਰਮਾ ਤੇ ਬੰਗਾਲ ਵਿੱਚੋਂ 28 ਇਨਕਲਾਬੀਆਂ ਨੂੰ ਫ਼ਾਂਸੀ ਮਿਲੀ। ਪੰਜਾਬ ਦੇ ਬਾਗ਼ੀ ਬੇਟੇ ਹਰਦਿੱਤ ਸਿੰਘ, ਵੀਰ ਸਿੰਘ ਤੇ ਕਪੂਰ ਸਿੰਘ ਨੂੰ ਕਾਲੇਪਾਣੀ ਦੀ ਸਜ਼ਾ ਹੋਈ। ਬਰਮਾ ਦੇ ਸ਼ਹਿਰ ਮਾਂਡਲੇ ਦੀ ਜ਼ੇਲ੍ਹ ਵਿੱਚ ਪੰਜਾਬ ਦੇ ਨਾਮਵਰ ਫ਼ਰਜ਼ੰਦ ਸੋਹਣ ਲਾਲ ਨੂੰ ਜਦੋਂ ਰਹਿਮ ਦੀ ਅਪੀਲ ਕਰਨ ਲਈ ਕਿਹਾ ਗਿਆ ਤਾਂ ਓਸ ਨੇ ਗੋਰੇ ਹਾਕਮ ਨੂੰ ਜਵਾਬ ਦਿੱਤਾ:

"ਮੈਂ ਇਨਸਾਫ਼ ਦੁਸ਼ਮਣ ਤੇ ਜ਼ਾਲਮ ਹਕੂਮਤ ਕੋਲੋਂ ਰਹਿਮ ਦੀ ਭੀਖ ਨਹੀਂ ਮੰਗ ਸਕਦਾ। ਮੈਨੂੰ ਫੱਟੇ ਲਾ ਦਿਉ।"

ਰਣਧੀਰ ਸਿੰਘ ਨੇ ਆਪਣੇ ਪੈਂਫਲਿਟ 'ਗ਼ਦਰ ਹੀਰੋਜ਼' (Ghadar Heroes) ਵਿੱਚ ਲਿਖਿਆ ਏ:

ਲਾਹੌਰ ਸੈਂਟ੍ਰਲ ਜ਼ੇਲ੍ਹ ਵਿੱਚ ਗ਼ਦਰ ਪਾਰਟੀ ਦੇ 30 ਹੋਰ ਇਨਕਲਾਬੀਆਂ 'ਤੇ ਵੀ ਮੁਕੱਦਮਾ ਚਲਾਇਆ ਗਿਆ ਸੀ। ਉਹਨਾਂ ਵਿੱਚੋਂ ਇੱਕ ਦਾ ਨਾਂ ਲਿਖਿਆ ਏ- ਉਹ ਸ਼ਹੀਦੇ-ਵਤਨ ਕਾਂਸ਼ੀ ਰਾਮ ਏ। ਸਭ ਨੂੰ ਮੌਤ ਦੀ ਸਜ਼ਾ ਦਿੱਤੀ ਗਈ।

ਹਿੰਦੁਸਤਾਨ ਤੋਂ ਬਾਹਰ ਸਰਦਾਰ ਬਲਵੰਤ ਸਿੰਘ ਗ੍ਰੰਥੀ (ਗ਼ਦਰ ਪਾਰਟੀ ਦਾ ਕੈਨੇਡਾ ਦਾ ਰਹਿਨੁਮਾ) ਨੂੰ ਸਿੰਗਾਪੁਰ ਵਿੱਚ ਫ਼ਾਂਸੀ ਦਿੱਤੀ ਗਈ। ਡਾਕਟਰ ਮਥਰਾ ਸਿੰਘ ਨੂੰ ਈਰਾਨ ਦੇ ਮਸ਼ਹੂਰ ਸ਼ਹਿਰ ਮਸ਼ਹਦ ਮੁਕੱਦਸ ਵਿੱਚ ਬਰਤਾਨਵੀ ਸਫ਼ਾਰਤ-ਖ਼ਾਨੇ ਦੀ ਇਮਾਰਤ ਵਿੱਚ ਫੱਟੇ ਚਾੜ੍ਹਿਆ ਗਿਆ।

ਸਰ ਮਾਈਕਲ ਓਡਵਾਇਰ ਗਵਰਨਰ ਪੰਜਾਬ, ਆਪਣੀ ਕਿਤਾਬ Inida as I know ਵਿੱਚ ਲਿਖਦਾ ਏ :

"175 ਬਾਗ਼ੀ ਟ੍ਰਿਬਿਊਨਲ ਦੇ ਸਾਹਮਣੇ ਪੇਸ਼ ਹੋਏ। 38 ਇਨਕਲਾਬੀਆਂ ਨੂੰ ਸਜ਼ਾਏ-ਮੌਤ ਦਿੱਤੀ ਗਈ। ਬਾਅਦ ਵਿੱਚ 18 ਦੀ ਸਜ਼ਾਏ-ਮੌਤ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ ਗਈ। 79 ਇਨਕਲਾਬੀ ਕਾਲੇ ਪਾਣੀ ਭੇਜੇ ਗਏ। 58 ਦਹਿਸ਼ਤਪਸੰਦਾਂ ਨੂੰ ਹਿੰਦੁਸਤਾਨ ਦੀਆਂ ਮੁਖ਼ਤਲਿਫ਼ ਜ਼ੇਲ੍ਹਾਂ ਵਿੱਚ ਰੱਖਿਆ ਗਿਆ ਤਾਂ ਕਿ ਏਥੇ ਹੀ ਭਸਮ ਹੋ ਜਾਣ।"

ਬਰਮਾ ਵਿੱਚ ਬਲੋਚ ਰਜਮੈਂਟ ਦੀ ਬਟਾਲੀਅਨ ਨੇ ਬਗ਼ਾਵਤ ਕੀਤੀ। ਉਹਦੇ ਜਵਾਨ ਗੋਰੇ ਫ਼ੌਜੀਆਂ ਤੇ ਹਮਲਾ ਆਵਰ ਹੋਏ ਸਨ। ਸਿੰਗਾਪੁਰ ਵਿੱਚ 15 ਇਨਫੈਂਟਰੀ ਦੇ ਜਵਾਨਾਂ ਨੇ ਸਾਮਰਾਜ ਨੂੰ ਲਲਕਾਰਿਆ ਸੀ। ਅਫ਼ਸੋਸ ਇਹ ਏ, ਇਹਨਾਂ ਵਿੱਚ ਕਿਸੇ ਮੁਜਾਹਿਦ ਦਾ ਨਾਂ ਵੀ ਕਿਸੇ ਯਾਦਦਾਸ਼ਤ ਵਿੱਚੋਂ ਨਹੀਂ ਮਿਲਿਆ। ਇਹਨਾਂ ਗੁੰਮਨਾਮ ਸ਼ਹੀਦਾਂ ਨੂੰ ਵੀ ਸਾਡਾ ਸਲਾਮ ਹੋਵੇ! ਰੰਗੂਨ ਵਿੱਚ ਸ਼ਹਾਦਤ ਪਾਣ ਵਾਲਿਆਂ ਨੂੰ ਵੀ ਪ੍ਰਣਾਮ ਏ!

ਗ਼ਦਰ ਪਾਰਟੀ ਦੀ ਕਾਲ ਉਤੇ 15 ਫ਼ਰਵਰੀ 1915 ਨੂੰ ਮੇਰਠ ਦੀ ਛਾਉਣੀ ਵਿੱਚ ਬਗ਼ਾਵਤ ਦਾ ਝੰਡਾ ਬੁਲੰਦ ਹੋਇਆ ਸੀ। ਰਾਜਪੂਤ ਰਜਮੈਂਟ ਦੇ ਜੀਆਲੇ ਪੇਸ਼ ਸਨ। ਇਹਨਾਂ ਨੇ ਅਸਲਾਖ਼ਾਨੇ ਤੇ ਕਬਜ਼ਾ ਕਰ ਲਿਆ ਤੇ ਬਰਤਾਨਵੀ ਹਕੂਮਤ ਦੇ ਪਿੱਠੂ ਤੇ ਸੈਂਕੜੇ ਗੋਰੇ ਫ਼ੌਜੀ ਵਾਸਲਿ—ਜਹੰਨਮ (ਨਰਕ ਵਾਸੀ) ਕੀਤੇ ਸਨ। ਇਹ ਸੈਂਕੜੇ ਜਵਾਨ ਲੜਦੇ ਹੋਏ ਸ਼ਹਾਦਤ ਪਾ ਗਏ ਸਨ। ਜਿਹੜੇ ਜ਼ਿੰਦਾ ਗ੍ਰਿਫ਼ਤਾਰ ਹੋ ਗਏ ਸਨ, ਉਹਨਾਂ ਤੇ ਦਿੱਲੀ ਵਿੱਚ ਮੁਕੱਦਮਾ ਚੱਲਿਆ ਸੀ। 7 ਇਨਕਲਾਬੀਆਂ ਨੂੰ ਸਜ਼ਾਏ-ਮੌਤ ਹੋਈ ਸੀ।

ਅੰਬਾਲਾ ਛਾਉਣੀ ਵਿੱਚ ਹਵਾਲਦਾਰ ਲਛਮਣ ਸਿੰਘ ਤੇ ਉਹਦੀ ਕੰਪਨੀ ਦੇ 23 ਜਵਾਨਾਂ ਨੇ, ਜਿਹੜੇ ਰਸਾਲੇ ਦੇ ਜਵਾਨ ਸਨ, ਆਜ਼ਾਦੀ ਲਈ ਗੋਲੀਆਂ ਚਲਾਈਆਂ। ਗੋਰੇ ਭੁੰਨ ਕੇ ਰੱਖ ਦਿੱਤੇ। ਉਹਨਾਂ ਵਿੱਚ ਇੱਕ ਮੁਸਲਮਾਨ ਸਿਪਾਹੀ ਅਬਦੁੱਲਾ ਵੀ ਸੀ ਜਿਹੜਾ ਵਾਅਦਾ-ਮੁਆਫ਼ ਗਵਾਹ ਨਹੀਂ ਸੀ ਬਣਿਆ ਬਲਕਿ ਆਪਣੇ ਇਨਕਲਾਬੀ ਸਾਥੀਆਂ ਨਾਲ ਫ਼ਾਂਸੀ ਪਾ ਗਿਆ।

1915 ਈ. ਦੀ ਜੰਗਿ-ਆਜ਼ਾਦੀ ਨੂੰ ਕਾਮਯਾਬੀ ਨਸੀਬ ਨਾ ਹੋਈ। ਪਰ ਇਹ ਨਿਖੇੜਾ ਤਾਂ ਹੋ ਗਿਆ ਕਿ ਪੰਜਾਬ ਅੰਗ੍ਰੇਜ਼ ਦੀ ਭੇਡ ਨਹੀਂ ਸੀ। ਪੰਜਾਬ ਦੇ ਸ਼ੇਰ ਦਲੇਰ ਪੁੱਤਰਾਂ ਨੇ ਏਸ ਧਰਤੀ ਨੂੰ ਆਪਦੇ ਖ਼ੂਨ ਨਾਲ ਸਿੰਜਿਆ, ਜਾਗ੍ਰਤੀ ਪੈਦਾ ਕੀਤੀ। ਸਾਮਰਾਜੀ ਹਕੂਮਤ ਦੀਆਂ ਕੰਧਾਂ ਹਿਲਾ ਛੱਡੀਆਂ।

ਪਹਿਲੀ ਜੰਗਿ-ਅਜ਼ੀਮ ਦੇ ਬਾਅਦ ਗਾਂਧੀ ਜੀ ਹਿੰਦੁਸਤਾਨ ਦੀ ਸਿਆਸਤ ਉਤੇ ਅਹਿੰਸਾ ਦੀ ਛਾਪ ਲਾ ਕੇ ਮੈਦਾਨ ਵਿਚ ਆਏ। ਏਸ ਤੋਂ ਪੰਜਾਬ ਨੇ ਵੀ ਅਸਰ ਕਬੂਲ ਕੀਤਾ। ਦਹਿਸ਼ਤਪਸੰਦ ਤਹਿਰੀਕ ਪੰਜਾਬ ਵਿੱਚ ਬਾਅਦ ਵਿੱਚ ਵੀ ਬਾਕੀ ਰਹੀ। ਲਾਹੌਰ ਵਿੱਚ ਭਗਵਤੀ ਚਰਨ ਦੇ ਦਹਿਸ਼ਤਗਰਦਾਂ ਦਾ ਗ੍ਰੋਹ ਸੀ। ਪੰਜਾਬ ਦੇ ਮਸ਼ਹੂਰ ਇਨਕਲਾਬੀ ਭਗਤ ਸਿੰਘ, ਕਾਮਰੇਡ ਅਹਿਸਾਨ ਇਲਾਹੀ ਤੇ ਅਬਦੁਲ ਮਜੀਦ (ਕਾਕੋਰੀ ਕੇਸ ਵਾਲਾ) ਉਹਦੇ ਸਾਥੀ ਸਨ, ਜਿਨ੍ਹਾਂ ਦੇ ਹਾਲਾਤ ਤੋਂ ਲੋਕੀਂ ਵਾਕਫ਼ ਨੇ। ਇਹ ਪੰਜਾਬ ਦੀ ਤਵਾਰੀਖ਼ ਦਾ ਇੱਕ ਗਵਾਚਿਆ ਹੋਇਆ ਵਰਕਾ ਸੀ।

..........................................................

ਕਹਾਣੀ



# ਓਨਾ ਓਡਵਾਇਰ

**ਗੁਰਮੀਤ ਕੜਿਆਲਵੀ**
9872640994

"ਹਿੰਦੋਸਤਾਨੀ ਆਗੂ ਵੀ ਨਾਅਹਿਲ ਤੇ ਨਿਕੰਮੇ ਨੇ। ਉਨ੍ਹਾਂ ਕੋਲ ਕੋਈ ਤਜ਼ਰਬਾ ਨਹੀਂ ਹੈ।"

"ਕਿਹੋ ਜਿਹਾ ਤਜ਼ਰਬਾ ?"

"ਰਾਜ ਭਾਗ ਦਾ ਤਜ਼ਰਬਾ।"

"ਸਿੱਧਾ ਕਿਉਂ ਨਹੀਂ ਕਹਿੰਦੇ ਕਿ ਦੇਸੀ ਹੁਕਮਰਾਨ ਵ੍ਹਾਈਟ ਰੂਲਰਜ਼ ਵਾਂਗ ਮੁਲਕ ਨੂੰ ਚੂੰਡ ਨਹੀਂ ਸਕਣਗੇ। ਨਾਲੇ ਇਹ ਤੂੰ ਕਿਵੇਂ ਕਹਿ ਸਕਦਾ ਏਂ? ਹੋ ਸਕਦਾ ਉਹ ਤੁਹਾਡੇ ਵੀ ਬਾਪ ਦਾਦੇ ਸਾਬਤ ਹੋਣ। ਮਾਈਂਡ ਨਾ ਕਰੀਂ ਮਾਈਕਲ--- ਹੁਕਮਰਾਨ ਕਿਸੇ ਵੀ ਮੁਲਕ ਦੇ ਹੋਣ, ਦੇਸੀ ਹੋਣ ਜਾਂ ਵਿਦੇਸ਼ੀ; ਇੱਕੋ ਮਿੱਟੀ ਦੇ ਹੀ ਬਣੇ ਹੁੰਦੇ ਨੇ। ਫਰਕ ਸਿਰਫ਼ ਏਨਾ ਕੁ ਹੁੰਦਾ, ਦੇਸੀ ਹਾਕਮਾਂ ਦੇ ਹੁੰਦਿਆਂ ਲੋਕਾਂ ਨੂੰ ਆਜ਼ਾਦ ਹੋਣ ਦੀ ਫੀਲਿਗ ਬਣੀ ਰਹਿੰਦੀ ਹੈ।" ਓਨਾ ਦੀਆਂ ਤਿੱਖੀਆਂ ਗੱਲਾਂ ਨੇ ਮਾਈਕਲ ਨੂੰ ਤੜਫਾ ਦਿੱਤਾ ਸੀ।

"ਕੁੱਝ ਵੀ ਕਹਿ-ਇਹ ਸੂਰਜ ਦੀ ਰੌਸ਼ਨੀ ਵਾਂਗ ਸਾਫ਼ ਏ ਕਿ ਗੋਰੀ ਨਸਲ, ਅਸੱਭਿਅਕ ਲੋਕਾਂ 'ਤੇ ਰਾਜ ਕਰ ਰਹੀ ਹੈ ਤੇ ਉਸਨੂੰ ਰਾਜ ਕਰਨ ਦਾ ਅਧਿਕਾਰ ਕੁਦਰਤ ਨੇ ਦਿੱਤਾ ਹੈ।"

"ਜੇ ਅਸੱਭਿਅਕ ਲੋਕਾਂ 'ਤੇ ਰਾਜ ਕਰਨਾ ਗੋਰੀ ਨਸਲ ਦਾ ਕੁਦਰਤੀ ਅਧਿਕਾਰ ਹੈ ਤਾਂ ਆਪਣੇ ਜਲ ਜੰਗਲ ਤੇ ਜ਼ਮੀਨ ਲਈ ਲੜਨਾ ਵੀ ਲੋਕਾਂ ਦਾ ਕੁਦਰਤੀ ਅਧਿਕਾਰ ਹੈ। ਜਿਵੇਂ ਹਿੰਦੋਸਤਾਨੀ ਇਨਕਲਾਬੀ ਲੜ ਰਹੇ ਨੇ। ਜਿਵੇਂ ਤੇਰੇ ਆਪਣੇ ਆਇਰਸ਼ ਇਨਕਲਾਬੀ ਨੇ। ਸਪੇਨ ਤੋਂ ਵੱਖ ਹੋਣ ਦੀ ਲੜਾਈ ਲੜ ਰਹੇ ਕੈਟਾਲੋਨੀਅਨ ਇਨਕਲਾਬੀਆਂ ਬਾਰੇ ਵੀ ਤਾਂ ਜਾਣਦਾ ਈ ਏਂ। ਹੋਰ ਕਿੰਨੇ ਦੇਸ਼ਾਂ 'ਚ ਇਨਕਲਾਬੀ ਤਹਿਰੀਕਾਂ ਚੱਲ ਰਹੀਆਂ ਨੇ।" ਓਨਾ ਦੀਆਂ ਦਲੀਲਾਂ ਅੱਗੇ ਮਾਈਕਲ ਨੂੰ ਚੁੱਪ ਧਾਰਨੀ ਪਈ ਸੀ।

ਮਾਈਕਲ ਨਾਲ ਹੋਈਆਂ ਕਿੰਨੀਆਂ ਹੀ ਗੱਲਾਂ ਓਨਾ ਨੂੰ ਯਾਦ ਆ ਰਹੀਆਂ ਸਨ। ਉਸਨੇ ਕੰਬਦੇ ਹੱਥਾਂ ਨਾਲ ਦੂਸਰੀ ਅਖਬਾਰ ਚੁੱਕ ਕੇ ਅੱਖਾਂ ਦੇ ਨੇੜੇ ਕਰ ਲਈ। ਇਸ ਅਖਬਾਰ ਨੇ ਤਾਂ ਵੱਡਾ ਸੰਪਾਦਕੀ ਲੇਖ ਲਿਖ ਕੇ ਓਡਵਾਇਰ 'ਤੇ ਹਮਲੇ ਦੀ ਕਾਰਵਾਈ ਨੂੰ ਕਾਇਰਤਾ ਪੂਰਨ ਆਖਦਿਆਂ ਬਾਗੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਲਿਖਿਆ ਹੈ। ਓਨਾ ਨੂੰ ਅਜਿਹੀਆਂ ਸਾਰੀਆਂ ਅਖਬਾਰਾਂ 'ਤੇ ਗੁੱਸਾ ਆਇਆ ਜਿਹੜੀਆਂ ਸਰਕਾਰਾਂ ਦੀ ਝੋਲੀ ਚੁੱਕਦੀਆਂ ਉਨ੍ਹਾਂ ਦੇ ਹਰੇਕ ਚੰਗੇ-ਮਾੜੇ ਫ਼ੈਸਲੇ ਦੇ ਸੋਹਲੇ ਗਾਉਣ ਲੱਗਦੀਆਂ ਹਨ।

ਓਨਾ ਨੂੰ ਤੇਰਾਂ ਅਪਰੈਲ ਉਨੀ ਸੌ ਉਨੀ ਦੀ ਘਟਨਾ ਤੋਂ ਬਾਅਦ ਵਾਲੇ ਦਿਨਾਂ ਦੀਆਂ ਇੰਗਲੈਂਡ ਦੀਆਂ ਅਖਬਾਰਾਂ 'ਚ ਜਨਰਲ ਡਾਇਰ ਅਤੇ ਓਡਵਾਇਰ ਨੂੰ ਜਾਇਜ਼ ਠਹਿਰਾਉਣ ਵਾਲੇ ਛਪੇ ਲੰਬੇ-ਲੰਬੇ ਲੇਖ ਯਾਦ ਆਏ। ਕਈ ਅਖਬਾਰਾਂ ਨੇ ਤਾਂ ਡਾਇਰ ਅਤੇ ਓਡਵਾਇਰ ਨੂੰ ਹੀਰੋ ਆਖਦਿਆਂ ਦੋਵਾਂ ਨੂੰ ਵਿਸ਼ੇਸ਼ ਸਨਮਾਨ ਦੇਣ ਦੀ ਗੱਲ ਤੱਕ ਛਾਪ ਦਿੱਤੀ ਸੀ। 'ਮੌਰਨਿੰਗ ਪੋਸਟ' ਤਾਂ ਸਾਰੀਆਂ ਅਖਬਾਰਾਂ ਨਾਲੋਂ ਹੀ ਅੱਗੇ ਨਿਕਲ ਗਿਆ ਸੀ। ਡਾਇਰ ਦੇ ਵਾਪਸ ਇੰਗਲੈਂਡ ਆਉਣ 'ਤੇ ਉਸ ਦੀ ਸਹਾਇਤਾ ਵਾਸਤੇ 'ਡਾਇਰ ਮੈਮੋਰੀਅਲ ਕੋਸ਼' ਚਲਾਇਆ ਤੇ ਇਸ ਕਾਰਜ ਲਈ ਛੱਬੀ ਹਜ਼ਾਰ ਪੌਂਡ ਜਮਾਂ ਕੀਤੇ।

**ਓਨਾ ਨੂੰ ਅਠਾਰ੍ਹਾਂ ਸੌ ਬਹੱਤਰ ਦੀ ਕੂਕਾ ਲਹਿਰ ਦੌਰਾਨ ਪੰਜਾਬ ਦੇ ਸ਼ਹਿਰ ਮਲੇਰਕੋਟਲਾ 'ਚ ਉਨੰਜਾ ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਸਬੰਧੀ ਕੁੱਝ ਸਮਾਂ ਪਹਿਲਾਂ ਪਾਇਨੀਅਰ ਅਖ਼ਬਾਰ 'ਚ ਛਪਿਆ ਜ਼ਹਿਰੀਲਾ ਵਿਅੰਗ ਯਾਦ ਆਇਆ ਜਿਸ 'ਚ ਲਿਖਿਆ ਸੀ, "ਤੁਸੀਂ ਆਂਡਾ ਤੋੜੇ ਬਗੈਰ ਆਮਲੇਟ ਨਹੀਂ ਬਣਾ ਸਕਦੇ।" ਓਨਾ ਦਾ ਮੂੰਹ ਕੁੜੱਤਣ ਨਾਲ ਭਰ ਗਿਆ।**

"ਸਰਕਾਰ ਦੀ ਝੋਲੀ ਚੁੱਕਣ ਵਾਲਾ ਮੀਡੀਆ ਨਫ਼ਰਤ ਦਾ ਕਾਰੋਬਾਰ ਕਰਨ ਤੋਂ ਇਲਾਵਾ ਹੋਰ ਕੁੱਝ ਕਰ ਹੀ

ਨਹੀਂ ਸਕਦਾ। ਜੇ ਸਰਕਾਰ ਇਨ੍ਹਾਂ ਨੂੰ ਬੈਠਣ ਲਈ ਆਖਦੀ ਹੈ ਤਾਂ ਇਹ ਲਿਟਣ ਲੱਗਦੇ ਨੇ।"

ਉਹ ਮਨ ਹੀ ਮਨ ਕਿੰਨਾ ਚਿਰ ਰਾਸ਼ਟਰਵਾਦੀ ਅਖਬਾਰਾਂ ਨੂੰ ਗਾਲ੍ਹਾਂ ਕੱਢਦੀ ਰਹੀ।

......

ਓਨਾ ਨੇ 'ਦਾ ਡੇਲੀ ਹੈਰਾਲਡ' ਅਖ਼ਬਾਰ ਖੋਲ੍ਹ ਕੇ ਅੱਖਾਂ ਅੱਗੇ ਕਰ ਲਈ।

ਅਖਬਾਰ ਦੇ ਪਹਿਲੇ ਪੰਨੇ 'ਤੇ ਇੱਕ ਡੱਬੀ 'ਚ ਹਮਲਾਵਰ ਦੀ ਫੋਟੋ ਹੈ। ਲੰਮਾ ਓਵਰਕੋਟ ਪਾਈ ਇੱਕ ਸਿਹਤਮੰਦ ਵਿਅਕਤੀ ਨੇ ਸਿਰ 'ਤੇ ਅੰਗਰੇਜ਼ ਅਫ਼ਸਰਾਂ ਜਿਹਾ ਹੈਟ ਪਾਇਆ ਹੋਇਆ। ਰੋਅਬਦਾਰ ਚਿਹਰੇ 'ਤੇ ਡਰ ਦਾ ਕੋਈ ਨਿਸ਼ਾਨ ਨਹੀਂ ਹੈ ਬਲਕਿ ਅਜੀਬ ਖੁਸ਼ੀ ਤੇ ਸੰਤੁਸ਼ਟੀ ਝਲਕਦੀ ਹੈ।

"ਮੈਂ ਮਰਨ ਤੋਂ ਨਹੀਂ ਡਰਦਾ। ਮਰਨ ਵਾਸਤੇ ਬੁੱਢਾਪਾ ਉਡੀਕੀ ਜਾਣ ਦਾ ਕੀ ਫਾਇਦਾ? ਜਦੋਂ ਤੁਸੀਂ ਜਵਾਨ ਹੋਵੋ, ਮਰਨਾ ਤਾਂ ਉਦੋਂ ਹੀ ਚਾਹੀਦਾ ਹੈ।" ਮੁਸਕਰਾਉਂਦੇ ਹੋਏ ਹਮਲਾਵਰ ਨੇ ਕਿਹਾ ਸੀ। ਉਸਦੇ ਇਸ ਅਚਾਨਕ ਹਮਲੇ ਕਾਰਨ ਅੰਗਰੇਜ਼ ਸਿਪਾਹੀ ਸਹਿਮ 'ਚ ਆ ਗਏ ਸਨ।

-ਕੀ ਜੈਟਲੈਂਡ ਮਰ ਗਿਆ ਹੈ? ਮੈਂ ਉਸਦੇ ਵੀ ਦੋ ਗੋਲੀਆਂ ਮਾਰੀਆਂ ਸਨ। ਇਸ ਹਰਾਮਖੋਰ ਨੂੰ ਵੀ ਮਰਨਾ ਚਾਹੀਦਾ ਸੀ। ਇਸਨੇ ਵੀ ਹਿੰਦੋਸਤਾਨੀ ਆਵਾਮ 'ਤੇ ਬੜੇ ਜ਼ੁਲਮ ਢਾਹੇ ਸਨ।" ਹਮਲਾਵਰ ਨੇ ਡੀਕਨ ਨੂੰ ਪੁੱਛਿਆ ਤਾਂ ਉਹ ਚੁੱਪ ਰਿਹਾ ਸੀ। ਉਸਦੀ ਚੁੱਪ ਵੱਲ ਵੇਖਦਿਆਂ ਹਮਲਾਵਰ ਨੇ ਅਫ਼ਸੋਸ 'ਚ ਸਿਰ ਹਿਲਾਉਂਦਿਆਂ ਕਿਹਾ, "ਮੈਨੂੰ ਤਾਂ ਯਕੀਨ ਸੀ ਕਿ ਮੈਂ ਬਹੁਤ ਸਾਰੇ ਅਤਿਆਚਾਰੀਆਂ ਦਾ ਖਾਤਮਾ ਕਰ ਦਿੱਤਾ ਹੋਊ। ਮੈਨੂੰ ਆਪਣੀ ਸੁਸਤੀ 'ਤੇ ਅਫ਼ਸੋਸ ਹੈ।

-ਸਾਰਜੈਂਟ ਜੌਨਜ਼ ਨੇ ਹਮਲਾਵਰ ਦੇ ਹੱਥ ਪਿੱਛੇ ਲਿਜਾਂਦਿਆਂ ਪੁੱਛਿਆ ਸੀ, "ਕੀ ਨਾਂ ਹੈ ਤੇਰਾ ?" ਤੈਨੂੰ ਪਤਾ ਇਹਦਾ ਨਤੀਜਾ ਕੀ ਹੋਊ? ਤੈਨੂੰ ਕੈਨਨ ਰੋਅ ਪੁਲਿਸ ਸਟੇਸ਼ਨ ਲਿਜਾਣਾ ਹੈ ਜਿੱਥੇ ਤੇਰੇ ਖਿਲਾਫ਼ ਐਫ.ਆਈ.ਆਰ. ਦਰਜ ਹੋਵੇਗੀ।"

"ਮੇਰਾ ਨਾਂ ਮੁਹੰਮਦ ਸਿੰਘ ਆਜ਼ਾਦ ਹੈ। ਮੈਂ ਬ੍ਰਿਟਿਸ਼ ਸਾਮਰਾਜ ਪ੍ਰਤੀ ਰੋਸ ਪ੍ਰਗਟਾਇਆ ਹੈ ਜਿਸਦਾ ਮੈਨੂੰ ਕੋਈ ਅਫ਼ਸੋਸ ਨਹੀਂ ਹੈ। ਮੈਂ ਬਰਤਾਨਵੀ ਸਾਮਰਾਜ 'ਚ ਭਾਰਤੀਆਂ ਨੂੰ ਭੁੱਖੇ ਮਰਦੇ ਵੇਖਿਆ ਹੈ। ਮੈਨੂੰ ਇਸਦਾ ਕੋਈ ਡਰ ਨਹੀਂ ਕਿ ਕੀ ਸਜ਼ਾ ਮਿਲੇਗੀ। ਭਾਵੇਂ ਕੈਦ ਹੋਵੇ ਜਾਂ ਫਾਂਸੀ। ਮੈਂ ਆਪਣਾ ਫਰਜ਼ ਨਿਭਾਇਆ। ਇਨਕਲਾਬ ਜ਼ਿੰਦਾਬਾਦ—ਸਾਮਰਾਜ ਮੁਰਦਾਬਾਦ—ਇੰਗਲੈਂਡ ਮੁਰਦਾਬਾਦ।"

ਓਨਾ ਆਪਣੇ ਪਤੀ ਮਾਈਕਲ ਓਡਵਾਇਰ ਦੇ ਕਾਤਲ ਵਲੋਂ ਫੜੇ ਜਾਣ ਉਪਰੰਤ ਦਿੱਤੇ ਜਵਾਬ ਪੜ੍ਹ ਕੇ ਸੁੰਨ ਰਹਿ ਗਈ ਹੈ। ਉਹ ਆਪਣੇ ਆਪ 'ਤੇ ਹੈਰਾਨ ਹੋਈ ਕਿ ਉਸਨੂੰ ਆਪਣੇ ਪਤੀ ਦੇ ਕਾਤਲ ਖਿਲਾਫ਼ ਕਿਸੇ ਕਿਸਮ ਦੀ ਨਫਰਤ ਪੈਦਾ ਕਿਉਂ ਨਹੀਂ ਹੋਈ। ਹਮਲਾਵਰ ਨੇ ਉਮਰ ਦੇ ਅਜਿਹੇ ਪੜਾਅ 'ਤੇ ਉਸਦੇ ਪਤੀ ਦਾ ਕਤਲ ਕੀਤਾ ਸੀ ਜਿਸ ਪੜਾਅ 'ਤੇ ਪਤੀ ਪਤਨੀ ਦਾ ਆਪਸੀ ਸਾਥ ਬੜਾ ਮਹੱਤਵਪੂਰਨ ਹੁੰਦਾ ਤੇ ਦੋਵੇਂ ਇੱਕ ਦੂਜੇ ਦਾ ਆਸਰਾ ਬਣਕੇ ਬੁੱਢਾਪਾ ਸੌਖਾ ਕੱਟ ਲੈਂਦੇ ਹਨ।

"ਕੀ ਬੁੱਢਾਪੇ 'ਚ ਮੈਨੂੰ ਮਾਈਕਲ ਦੇ ਸਾਥ ਦੀ ਵੱਧ ਜ਼ਰੂਰਤ ਨਹੀਂ ਸੀ? ਹੁਣ ਕੀ ਪਤਾ ਅਗਲਾ ਸਮਾਂ ਕਿਹੋ ਜਿਹਾ ਬਤੀਤ ਹੋਵੇ ?" ਓਨਾ ਨੇ ਆਪਣੇ ਆਪ ਨੂੰ ਸਵਾਲ ਕੀਤਾ ਸੀ।

"ਓਨਾ ਉਨ੍ਹਾਂ ਹਜ਼ਾਰਾਂ ਲੱਖਾਂ ਲੋਕਾਂ ਬਾਰੇ ਸੋਚ ਜਿਨ੍ਹਾਂ ਨੂੰ ਮਾਈਕਲ ਜਿਹੇ ਸਾਮਰਾਜੀਆਂ ਦੀ ਹਵਸ ਨੇ ਮਿੱਟੀ ਦੀਆਂ ਢੇਰੀਆਂ 'ਚ ਤਬਦੀਲ ਕਰ ਦਿੱਤਾ। ਉਨ੍ਹਾਂ ਦੇ ਮਾਂ ਬਾਪ ਦਾ ਬੁੱਢਾਪਾ ਹੰਝੂਆਂ 'ਚ ਕਿੰਝ ਰੁੜਿਆ ਹੋਵੇਗਾ? ਉਨ੍ਹਾਂ ਵਿਧਵਾਵਾਂ ਦੇ ਕੀ ਹਾਲ ਹੋਏ ਹੋਣਗੇ? ਉਨ੍ਹਾਂ ਦੇ ਬਾਲ ਬੱਚਿਆਂ ਦਾ ਕੀ ਬਣਿਆ ਹੋਵੇਗਾ ?" ਆਪਣੇ ਸਵਾਲ ਦਾ ਜਵਾਬ ਵੀ ਉਸਨੇ ਆਪ ਹੀ ਦੇ ਦਿੱਤਾ ਸੀ।

"ਹਮਲਾਵਰ ਦਾ ਅਸਲ ਨਾਮ ਤਾਂ ਕੋਈ ਹੋਰ ਹੀ ਹੋਵੇਗਾ- ਮੁਹੰਮਦ ਸਿੰਘ ਆਜ਼ਾਦ ਤਾਂ ਇਸਨੇ ਰੱਖ ਲਿਆ ਹੈ। ਇਸ ਨਾਮ 'ਚੋਂ ਹਿੰਦੋਸਤਾਨ ਦੀ ਸਾਂਝੀ ਤਹਿਜ਼ੀਬ ਦੀ ਮਹਿਕ ਆਉਂਦੀ ਹੈ। ਹੈਰਾਨੀ ਹੈ ਇਹ ਸਖਸ਼ ਆਪਣੇ ਅੰਦਰ ਬਲਦੀ ਅੱਗ ਨੂੰ ਠਾਰਨ ਲਈ ਪੂਰੇ ਇੱਕੀ ਸਾਲ ਉਡੀਕ ਕਰਦਾ ਰਿਹਾ। ਪਤਾ ਨਹੀਂ ਕਿੱਥੇ-ਕਿੱਥੇ ਭਟਕਿਆ ਹੋਵੇਗਾ। ਕਿੰਨੇ ਮੁਲਕਾਂ 'ਚ ਹੁੰਦਾ ਹੋਇਆ ਲੰਡਨ ਪਹੁੰਚਿਆ ਹੋਵੇਗਾ। ਕਿੰਨੇ ਹਜ਼ਾਰਾਂ ਮੀਲ ਗਾਹੇ ਹੋਣਗੇ। ਕਦੇ ਰੋਟੀ ਮਿਲੀ ਹੋਵੇਗੀ-ਕਦੇ ਭੁੱਖਾ ਸੌਣਾ ਪਿਆ ਹੋਵੇਗਾ। ਬ੍ਰਿਟਿਸ਼ ਸਾਮਰਾਜ ਦਾ ਅੱਧੀ ਦੁਨੀਆ 'ਤੇ ਤਾਂ ਰਾਜ ਹੈ। ਐਨੇ ਦੇਸ਼ਾਂ ਦੀ ਇੰਨਟੈਲੀਜੈਂਸ ਤੋਂ ਬਚਣਾ ਕਿਤੇ ਆਸਾਨ ਕੰਮ ਹੈ। ਪਤਾ ਨਹੀਂ ਕੀ-ਕੀ ਬਨਣਾ ਪਿਆ ਹੋਵੇਗਾ। ਫਿਰ ਐਨੇ ਵਰ੍ਹੇ

ਦੀ ਅੱਗ ਨੂੰ ਅੰਦਰ ਦਬਾ ਕੇ ਰੱਖਣਾ-- ਏਨੇ ਚਿਰ 'ਚ ਤਾਂ ਬੰਦਾ ਗੁੱਸੇ ਨਾਲ ਉਂਝ ਹੀ ਫਟ ਜਾਵੇ।" ਓਨਾ ਦੇ ਅੰਦਰ ਸੋਚਾਂ ਦਾ ਸਮੁੰਦਰ ਖੌਰੂ ਪਾ ਰਿਹਾ ਸੀ।

-ਕੀ ਨਹੀਂ ਸੀ ਹੋ ਸਕਦਾ ਇਨ੍ਹਾਂ ਇੱਕੀ ਸਾਲਾਂ 'ਚ? ਮੁਹੰਮਦ ਸਿੰਘ ਆਜ਼ਾਦ ਬਣੇ ਇਸ ਨੌਜਵਾਨ ਨੂੰ ਪੁਲਿਸ ਕਿਸੇ ਕੇਸ 'ਚ ਫੜ ਵੀ ਸਕਦੀ ਸੀ। ਜਿਸ ਸਮੁੰਦਰੀ ਜਹਾਜ਼ 'ਚ ਉਹ ਸਫ਼ਰ ਕਰਦਾ ਸੀ, ਉਹ ਡੁੱਬ ਵੀ ਤਾਂ ਸਕਦਾ ਸੀ। ਹੋ ਸਕਦਾ ਸੀ ਕਿ ਮਾਈਕਲ ਨੂੰ ਮਾਰਨ ਲਈ ਇੰਗਲੈਂਡ ਤਾਂ ਪੁੱਜ ਜਾਂਦਾ ਪਰ ਉਸਨੂੰ ਕਿਧਰੋਂ ਹਥਿਆਰ ਹੀ ਨਾ ਮਿਲਦਾ। ਜੇ ਮਿਲ ਵੀ ਗਿਆ ਸੀ ਤਾਂ ਉਹ ਮੀਟਿੰਗ ਹਾਲ 'ਚ ਹੀ ਨਾ ਦਾਖਲ ਹੋ ਸਕਦਾ। ਸੰਭਵ ਸੀ ਕਿ ਮੌਕੇ 'ਤੇ ਪਿਸਟਲ ਹੀ ਚੱਲਣੋਂ ਇਨਕਾਰ ਕਰ ਦਿੰਦਾ ਤੇ ਜਾਂ ਫਿਰ ਉਸਦਾ ਨਿਸ਼ਾਨਾ ਹੀ ਖੁੰਝ ਜਾਂਦਾ। ਇਹ ਵੀ ਤਾਂ ਹੋ ਸਕਦਾ ਸੀ ਕਿ- ਜਨਰਲ ਡਾਇਰ ਵਾਂਗ ਮਾਈਕਲ ਫਰਾਂਸਿਸ ਓਡਵਾਇਰ ਵੀ ਕਿਸੇ ਬਿਮਾਰੀ ਨਾਲ ਮਰ ਜਾਂਦਾ। ਫੇਰ ਇਹ ਨੌਜਵਾਨ ਆਪਣੇ ਅੰਦਰਲੀ ਅਗਨੀ ਨੂੰ ਕਿੰਝ ਸ਼ਾਂਤ ਕਰਦਾ? ਕੀ ਆਪਣੇ ਅੰਦਰਲੀ ਬਦਲੇ ਦੀ ਅੱਗ ਨੂੰ ਠਾਰਨ ਲਈ ਮੈਨੂੰ ਜਾਂ ਮੇਰੇ ਬੱਚਿਆਂ ਨੂੰ -----?"

ਇਹ ਸੋਚਦਿਆਂ ਓਨਾ ਕੰਬ ਉੱਠੀ। ਉਸਨੇ ਮਾਰਥਾ ਵਲੋਂ ਥੋੜੀ ਦੇਰ ਪਹਿਲਾਂ ਲਿਆ ਕੇ ਰੱਖਿਆ ਪਾਣੀ ਦਾ ਗਿਲਾਸ ਚੁੱਕਿਆ ਤੇ ਗਟ-ਗਟ ਕਰਕੇ ਪੀ ਗਈ। ਉਸ ਦਾ ਦਿਲ ਤੇਜ਼ੀ ਨਾਲ ਧੜਕਣ ਲੱਗਾ। ਉਹ ਬੱਚਿਆਂ ਬਾਰੇ ਸੋਚਣ ਲੱਗੀ। ਧੀ ਓਨਾ ਮੈਰੀ ਓਡਵਾਇਰ ਕਿਤੇ ਦੂਰ ਗਈ ਹੋਈ ਸੀ। ਉਸਨੂੰ ਟੈਲੀਗ੍ਰਾਮ ਦੇ ਕੇ ਘਟਨਾ ਦੀ ਜਾਣਕਾਰੀ ਦੇ ਦਿੱਤੀ ਸੀ ਤੇ ਉਸਨੇ ਭਲਕ ਤੱਕ ਆ ਜਾਣਾ ਸੀ। ਇੱਕੋ-ਇੱਕ ਪੁੱਤਰ ਨੇ ਤਾਂ ਅੱਜ ਸ਼ਾਮ ਨੂੰ ਹੀ ਆ ਜਾਣਾ ਸੀ। ਦੋਵੇਂ ਬੱਚੇ ਆਪਣੀ ਹੀ ਵਿਚਾਰਧਾਰਾ ਵਾਲੇ ਸਨ। ਮੈਰੀ ਤਾਂ ਇਤਿਹਾਸ 'ਚ ਖਾਸੀ ਰੁਚੀ ਰੱਖਦੀ ਸੀ ਤੇ ਮਾਂ ਨਾਲ ਫਰੈਂਚ ਕ੍ਰਾਂਤੀ ਬਾਰੇ ਕਿੰਨੀਆਂ ਹੀ ਗੱਲਾਂ ਕਰ ਲੈਂਦੀ। ਬਾਪ ਜਿਨ੍ਹਾਂ ਗੱਲਾਂ 'ਤੇ ਮਾਣ ਕਰਦਾ ਰਹਿੰਦਾ ਸੀ-ਬੱਚਿਆਂ ਲਈ ਉਨ੍ਹਾਂ ਦੀ ਕੋਈ ਮਹੱਤਤਾ ਨਹੀਂ ਸੀ।

ਓਨਾ ਆਪਣੀਆਂ ਹੀ ਸੋਚਾਂ ਤੋਂ ਪ੍ਰੇਸ਼ਾਨ ਹੋ ਗਈ। ਉਸਨੇ ਦੋ-ਤਿੰਨ ਵਾਰ ਸਿਰ ਝਟਕਿਆ। ਉਸ ਦਾ ਜੀਅ ਕੀਤਾ ਮਾਰਥਾ ਨੂੰ ਆਵਾਜ਼ ਮਾਰ ਕੇ ਕੋਲ ਬੁਲਾਵੇ ਅਤੇ ਆਪਣੇ ਅੰਦਰ ਹੋ ਰਹੀ ਉੱਥਲ-ਪੁੱਥਲ ਬਾਰੇ ਦੱਸੇ ਪਰ ਉਹ ਇੰਝ ਨਾ ਕਰ ਸਕੀ।

-ਮਾਈਕਲ ਤੂੰ ਸਾਮਰਾਜ ਨੂੰ ਪੱਕੇ ਪੈਰੀਂ ਕਰਨ 'ਤੇ ਹੀ ਲੱਗਾ ਰਿਹਾ। ਦਰਅਸਲ ਤੂੰ ਇਹੀ ਸਮਝਦਾ ਰਿਹਾ ਕਿ ਅੰਗਰੇਜ਼ ਕੌਮ ਪੈਦਾ ਹੀ ਰਾਜ ਕਰਨ ਲਈ ਹੋਈ ਹੈ। ਮੈਂ ਤੈਨੂੰ ਇਤਿਹਾਸ ਦੀ ਖਿੜਕੀ ਰਾਹੀਂ ਡੂੰਘੀ ਖੱਡ 'ਚ ਦਫ਼ਨ ਹੋਏ ਵਿਸ਼ਾਲ ਸਾਮਰਾਜਾਂ ਵੱਲ ਝਾਕਣ ਲਈ ਆਖਦੀ ਰਹੀ---ਤੂੰ ਇਤਿਹਾਸ ਦਾ ਮਜ਼ਾਕ ਉਡਾਉਂਦਾ ਸੀ। ਤੂੰ ਅਜੀਬ ਕਿਸਮ ਦੇ ਕੰਪਲੈਕਸ ਦਾ ਸ਼ਿਕਾਰ ਸੀ। ਜਦੋਂ ਮੌਕਾ ਮਿਲਦਾ ਤਾਂ ਇਤਿਹਾਸ ਨੂੰ ਆਪਣੇ ਅਨੁਸਾਰ ਵਰਤ ਲੈਂਦਾ-ਜੀਅ ਕਰਦਾ ਤਾਂ ਇਤਿਹਾਸ ਨੂੰ ਆਯਾਸ ਹਾਕਮਾਂ ਦੀ ਕਬਰਗਾਹ ਆਖ ਦਿੰਦਾ। ਕਦੇ ਆਪਣੇ ਵੱਡੇ-ਵਡੇਰਿਆਂ ਦੇ ਰਾਜ 'ਤੇ ਝੂਰਦਾ ਜੋ ਤੇਰੇ ਅਨੁਸਾਰ ਕਿਸੇ ਵਕਤ ਆਇਰਲੈਂਡ ਦੇ ਇੱਕ ਹਿੱਸੇ 'ਤੇ ਰਾਜ ਕਰਦੇ ਰਹੇ ਸਨ। ਮੈਂ ਸਮਝਦੀਂ ਤੇਰੇ ਅੰਦਰ ਵੀ ਕਿਤੇ ਨਾ ਕਿਤੇ ਰਾਜ ਕਰਨ ਦੀ ਸ਼ਹਿਨਸ਼ਾਹੀ ਭੁੱਖ ਚਮਕਦੀ ਰਹਿੰਦੀ ਸੀ।" ਓਨਾ ਨੇ ਟੇਬਲ 'ਤੇ ਪਈ ਮਾਈਕਲ ਦੀ ਲਿਖੀ ਕਿਤਾਬ 'ਇੰਡੀਆ ਆਈ ਨੋਅ ਇੱਟ' ਉਲਟਾ-ਪੁਲਟਾ ਕੇ ਵੇਖੀ ਤੇ ਰੈਕ 'ਚ ਰੱਖ ਦਿੱਤੀ।

-ਤੇਰੇ ਆਦਰਸ਼ ਵੀ ਤੇਰੇ ਜਿਹੇ ਹੀ ਸਨ। ਕਦੇ ਤੂੰ ਅਠਾਰਾਂ ਸੌ ਸਤਵੰਜਾ ਦੀ ਬਗ਼ਾਵਤ ਨੂੰ ਬੇਰਹਿਮੀ ਨਾਲ ਕੁਚਲ ਦੇਣ ਵਾਲੇ ਜੌਹਨ ਨਿਕਲਸਨ ਨੂੰ ਆਪਣਾ ਆਦਰਸ਼ ਆਖਦਿਆਂ ਉਸ ਦੇ ਸੋਹਲੇ ਗਾਉਂਦਾ। ਕਦੇ ਆਪਣੀਆਂ ਚਾਲਾਂ ਨਾਲ ਲਾਹੌਰ ਦੇ ਖਾਲਸਾ ਰਾਜ ਨੂੰ ਖਤਮ ਕਰਕੇ ਕੰਪਨੀ ਸਰਕਾਰ ਦੇ ਅਧੀਨ ਕਰਨ ਵਾਲਾ ਹੈਨਰੀ ਲਾਰੈਂਸ ਤੇਰੇ ਲਈ ਗੁਰੂ ਹੋ ਜਾਂਦਾ। ਤੂੰ ਦਾਅਵਾ ਕਰਦਾ ਕਿ ਹਰ ਬਗ਼ਾਵਤ ਨੂੰ ਦਮਨ ਨਾਲ ਦਬਾਇਆ ਜਾ ਸਕਦਾ। ਮਾਈਕਲ ਬਹੁਤ ਗ਼ਲਤ ਸੋਚਦਾ ਸੀ ਤੂੰ। ਸਿਰਾਂ 'ਤੇ ਕਫਨ ਬੰਨ੍ਹ ਕੇ ਨਿਕਲੇ ਲੋਕਾਂ ਨੂੰ ਬੰਬਾਂ ਬੰਦੂਕਾਂ ਨਾਲ ਭਲਾ ਕਿਵੇਂ ਡਰਾਇਆ ਜਾ ਸਕਦਾ? ਇਨ੍ਹਾਂ ਦੇ ਹੌਂਸਲਿਆਂ ਅੱਗੇ ਤਾਂ ਪਹਾੜ ਵੀ ਝੁੱਕ ਜਾਂਦੇ। ਕਿਸੇ ਫ਼ਿਲਾਸਫ਼ਰ ਨੇ ਠੀਕ ਹੀ ਤਾਂ ਕਿਹਾ ਕਿ ਇਨਕਲਾਬੀ ਕਦੇ ਬਿਮਾਰੀ ਨਾਲ ਨਹੀਂ ਮਰਦੇ।" ਓਨਾ ਨੇ ਦਿਮਾਗ 'ਤੇ ਜ਼ੋਰ ਦੇ ਕੇ ਸੋਚਿਆ ਪਰ ਫ਼ਿਲਾਸਫ਼ਰ ਦਾ ਨਾਮ ਚੇਤੇ 'ਚ ਨਾ ਆਇਆ। ਆਖਰਕਾਰ ਇਸ ਨਤੀਜੇ 'ਤੇ ਪਹੁੰਚੀ ਕਿ ਇਹ ਕਿਸੇ ਚਿੰਤਕ ਦਾ ਕਥਨ ਨਹੀਂ ਸੀ ਬਲਕਿ ਇਹ ਸਚਾਈ ਤਾਂ ਉਸਦੇ ਆਪਣੇ ਅੰਦਰੋਂ ਹੀ ਨਿਕਲੀ ਸੀ।

ਓਨਾ ਨੇ ਸਾਰੀਆਂ ਅਖਬਾਰਾਂ ਦੀ ਤਹਿ ਮਾਰੀ ਤੇ ਚੁੱਕ ਕੇ ਕਾਨਸ 'ਤੇ ਰੱਖ ਦਿੱਤੀਆਂ।

. . . . . .

ਓਨਾ ਓਡਵਾਇਰ ਖਾਲੀ-ਖਾਲੀ ਨਜ਼ਰਾਂ ਨਾਲ ਖਲਾਅ 'ਚ ਵੇਖੀ ਜਾਂਦੀ ਸੀ। ਮਾਈਕਲ ਨੂੰ ਦਫਨਾਇਆਂ ਅੱਜ ਪੰਜ ਦਿਨ ਹੋ ਚੁੱਕੇ ਸਨ। ਭਾਵੇਂ ਉਸਨੇ ਆਪਣੇ ਹੱਥੀਂ ਮਾਈਕਲ ਓਡਵਾਇਰ ਨੂੰ ਬਰੁਕਵੁੱਡ ਦੇ ਕਬਰਿਸਤਾਨ 'ਚ ਦਫ਼ਨਾਇਆ ਸੀ ਪਰ ਉਸਨੂੰ ਅਜੇ ਵੀ ਮਾਈਕਲ ਦੀ ਮੌਤ ਦਾ ਯਕੀਨ ਨਹੀਂ ਸੀ ਆ ਰਿਹਾ। ਉਹ ਡਾਇਨਿੰਗ ਟੇਬਲ 'ਤੇ ਚਾਹ ਦਾ ਕੱਪ ਰੱਖੀ ਕਿੰਨਾ-ਕਿੰਨਾ ਚਿਰ ਮਾਈਕਲ ਨੂੰ ਉਡੀਕਦੀ ਰਹਿੰਦੀ। ਮਾਰਥਾ ਨੂੰ ਆਖ ਕੇ ਚਾਹ ਅਤੇ ਸਿਗਰਟ ਦੇ ਹੱਦੋਂ ਵੱਧ ਸ਼ੌਕੀਨ ਮਾਈਕਲ ਲਈ ਵਾਰ-ਵਾਰ ਚਾਹ ਬਣਵਾ ਲੈਂਦੀ। ਮਾਈਕਲ ਵਲੋਂ ਲਿਆ ਕੇ ਰੱਖੇ ਸਿਗਰਟ ਦੇ ਪੈਕੇਟ ਵਾਰ-ਵਾਰ ਇਧਰੋਂ ਚੁੱਕ ਕੇ ਓਧਰ ਰੱਖਦੀ ਰਹਿੰਦੀ। ਉਸਨੂੰ ਮਾਈਕਲ ਦੀ ਆਵਾਜ਼ ਦਾ ਭੁਲੇਖਾ ਪੈਂਦਾ ਰਹਿੰਦਾ। ਜਾਪਦਾ ਜਿਵੇਂ ਮਾਈਕਲ ਨੇ ਸਿਗਰਟ ਜਾਂ ਚਾਹ ਲਈ ਹਾਕ ਮਾਰੀ ਹੋਵੇ। ਉਹ ਸਿਗਰਟ ਦਾ ਪੈਕੇਟ ਤੇ ਮਾਚਿਸ ਚੁੱਕ ਕੇ ਮਾਈਕਲ ਦੇ ਸਟੱਡੀ ਰੂਮ ਵੱਲ ਜਾਂਦੀ ਤੇ ਫੇਰ ਬਾਵਰਿਆਂ ਵਾਂਗ ਵਾਪਸ ਆ ਕੇ ਸੋਫੇ 'ਤੇ ਢਹਿ ਪੈਂਦੀ।

ਮਾਰਥਾ ਨੂੰ ਓਨਾ ਦੀ ਅਜਿਹੀ ਹਾਲਤ 'ਤੇ ਤਰਸ ਆਉਂਦਾ। ਉਹ ਆਨੇ-ਬਹਾਨੇ ਮਾਈਕਲ ਸਰ ਦੀਆਂ ਗੱਲਾਂ ਕਰਕੇ ਆਪਣੀ ਮਾਲਕਣ ਦਾ ਧਿਆਨ ਹੋਰ ਪਾਸੇ ਲਾਉਣ ਦੀ ਕੋਸ਼ਿਸ਼ ਕਰਦੀ।

"ਓਨਾ ਮੈਮ! ਤੁਹਾਡੀ ਤੇ ਮਾਈਕਲ ਸਰ ਦੀ ਜੋੜੀ ਕਿੰਨੀ ਖੂਬਸੂਰਤ ਸੀ। ਐਹ ਫੋਟੋ ਵੇਖੋ! ਤੁਸੀਂ ਦੋਵੇਂ ਰਾਜ ਕੁਮਾਰ ਤੇ ਰਾਜ ਕੁਮਾਰੀ ਲੱਗਦੇ ਓਂ। ਸਰ ਕਿੰਨੇ ਸੋਹਣੇ ਹੁੰਦੇ ਸਨ!"

"ਹਾਂ ਮਾਰਥਾ! ਮਾਈਕਲ ਬਹੁਤ ਖੂਬਸੂਰਤ ਸੀ। ਕਦੇ ਦਿਲ ਦਾ ਵੀ ਬਹੁਤ ਖ਼ੂਬਸੂਰਤ ਸੀ। ਉਸ ਦੀਆਂ ਗੱਲਾਂ ਵਿੱਚ ਫੁੱਲਾਂ ਤੇ ਤਿੱਤਲੀਆਂ ਦਾ ਜ਼ਿਕਰ ਹੁੰਦਾ। ਸੱਚ ਪੁੱਛੇ ਤਾਂ ਉਹ ਘਾਹ ਪੱਤੀਆਂ 'ਤੇ ਪਈ ਤਰੇਲ ਜਿਹਾ ਨਿਰਮਲ ਸੀ, ਤਾਂ ਹੀ ਤਾਂ ਉਸਨੂੰ ਪਿਆਰ ਕਰਨ ਲੱਗੀ ਸਾਂ। ਫਿਰ ਉਹ ਇੰਡੀਅਨ ਸਿਵਲ ਸਰਵਿਸ ਦੀ ਉੱਚੇ ਰੁਤਬੇ ਵਾਲੀ ਨੌਕਰੀ 'ਤੇ ਲੱਗ ਗਿਆ। ਕੇਵਲ ਇੱਕੀ ਸਾਲ ਦਾ ਸੀ ਜਦੋਂ ਉਸਨੂੰ ਸ਼ਾਹਪੁਰ ਜ਼ਿਲ੍ਹੇ ਦਾ ਕੁਲੈਕਟਰ ਲਾ ਦਿੱਤਾ। ਪੰਜਾਬ ਦਾ ਲੈਂਡ ਡਾਇਰੈਕਟਰ ਵੀ ਲੱਗਾ ਰਿਹਾ। ਰੈਵਨਿਊ ਕਮਿਸ਼ਨਰ ਬਣਿਆ। ਉਦੋਂ ਮਾਈਕਲ ਬੱਤੀ ਵਰ੍ਹਿਆਂ ਦਾ ਭਰ ਜੋਬਨ ਗੱਭਰੂ ਸੀ ਜਦੋਂ ਅਸੀਂ ਦੋਵਾਂ ਨੇ ਵਿਆਹ ਕਰਵਾ ਕੇ ਇੱਕ ਹੋਣ ਦਾ ਫ਼ੈਸਲਾ ਕੀਤਾ। ਮੈਂ ਉਸ ਕੋਲ ਆ ਗਈ ਸਾਂ। ਜਦੋਂ ਇੱਥੇ ਆ ਕੇ ਦੇਖਿਆ-ਬਹੁਤ ਕੁੱਝ ਬਦਲ ਚੁੱਕਾ ਸੀ। ਮਾਈਕਲ ਦੇ ਮੁਹੱਬਤ ਭਰੇ ਦਿਲ 'ਚ ਪਾਰਾ ਥਿਰਕਣ ਲੱਗਾ। ਸੱਤਾ ਦਾ ਨਸ਼ਾ ਉਸਦੇ ਦਿਮਾਗ ਨੂੰ ਚੜ੍ਹਨ ਲੱਗ ਪਿਆ ਸੀ। ਹੁਣ ਉਸ ਦੀਆਂ ਗੱਲਾਂ 'ਚ ਫੁੱਲਾਂ ਤੇ ਤਿੱਤਲੀਆਂ ਦਾ ਨਹੀਂ, ਅਹੁਦਿਆਂ, ਤਮਗਿਆਂ ਤੇ ਸਨਮਾਨਾਂ ਦਾ ਜ਼ਿਕਰ ਹੁੰਦਾ। ਉਸ ਦੀਆਂ ਲਾਲਸਾਵਾਂ ਵਧਦੀਆਂ ਹੀ ਜਾਂਦੀਆਂ ਸਨ। ਉਹ ਬਦਲ ਰਿਹਾ ਸੀ—ਉਹ ਲਗਾਤਾਰ ਬਦਲ ਰਿਹਾ ਸੀ। ਮੈਂ ਬਸ ਬੇਵੱਸ ਵੇਖ ਰਹੀ ਸਾਂ।"

"ਸਰ ਵਿੱਚ ਏਨੀ ਤਬਦੀਲੀ ਕਿਵੇਂ ਆਈ? ਕੀ ਕੋਈ ਪਿਆਰ ਕਰਨ ਵਾਲਾ ਏਨੀ ਛੇਤੀ ਬਦਲ ਸਕਦਾ ਹੈ? ਐਲਨ ਤਾਂ ਆਪਣੀ ਮੌਤ ਤੱਕ ਉਸੇ ਤਰ੍ਹਾਂ ਦਾ ਹੀ ਰਿਹਾ, ਜਿਹੋ ਜਿਹਾ ਮੈਨੂੰ ਅੱਲ੍ਹੜ ਉਮਰ 'ਚ ਮਿਲਿਆ ਸੀ। ਨਿਰਛਲ-ਨਰਮ-ਨਾਜ਼ੁਕ ਤੇ ਨਜ਼ਾਕਤ ਨਾਲ ਭਰਿਆ। ਭੋਲਾ-ਭਾਲਾ ਜਿਹਾ। ਜੇ ਜਿਉਂਦਾ ਹੁੰਦਾ-- ਕਿੰਨੀ ਵਧੀਆ ਜ਼ਿੰਦਗੀ ਹੋਣੀ ਸੀ ਸਾਡੀ।" ਮਾਰਥਾ ਨੇ ਡੂੰਘਾ ਹਾਉਂਕਾ ਭਰਿਆ।

"ਜਦੋਂ ਮੈਨੂੰ ਮਾਈਕਲ ਨਾਲ ਮੁਹੱਬਤ ਹੋਈ ਸੀ, ਉਹ ਵੀ ਨਿਰਛਲ, ਨਰਮ, ਨਾਜ਼ਕ ਤੇ ਨਜ਼ਾਕਤ ਨਾਲ ਭਰਿਆ ਹੁੰਦਾ ਸੀ। ਪਰ ਉਸਦੇ ਮੁਹੱਬਤ ਵਾਲੇ ਹਰੇ ਭਰੇ ਰੁੱਖ 'ਤੇ ਜਿਵੇਂ ਇੱਛਾਵਾਂ ਦੀ ਅਮਰਵੇਲ ਨੇ ਘੇਰਾ ਪਾ ਲਿਆ ਸੀ। ਉਹ ਉੱਚਾ ਹੀ ਉੱਚਾ ਚੜ੍ਹਦਾ ਜਾ ਰਿਹਾ ਸੀ। ਇਹ ਦਸੰਬਰ ਉੱਨੀ ਸੌ ਬਾਰਾਂ ਦੀ ਕੋਈ ਠੰਢੀ ਦੁਪਿਹਰ ਸੀ ਜਦੋਂ ਅਸੀਂ ਸਰਕਾਰ ਵਲੋਂ ਮਾਈਕਲ ਨੂੰ ਪੰਜਾਬ ਦਾ ਲੈਫਟੀਨੈਂਟ ਗਵਰਨਰ ਬਣਾ ਦੇਣ ਦੀ ਖਬਰ ਸੁਣੀ। ਮਹਿਜ਼ ਅਠਤਾਲੀ ਸਾਲ ਦੀ ਛੋਟੀ ਉਮਰ ਤੇ ਐਨਾ ਵੱਡਾ ਰੁਤਬਾ! ਉੱਤੋਂ ਨਾਈਟਹੁੱਡ ਦਾ ਖਿਤਾਬ। ਹੁਣ ਉਹ ਪੰਜਾਬ ਦਾ ਨਿਰੰਕੁਸ਼ ਸ਼ਾਸਕ ਸੀ। ਬੇਪਨਾਹ ਤਾਕਤ। ਫੇਰ ਵਾਇਸਰਾਏ ਲਾਰਡ ਹਾਰਡਿੰਗ ਦਾ ਥਾਪੜਾ। ਲੰਡਨ ਵਿਚਲੇ ਡਾਊਨਿੰਗ ਸਟਰੀਟ ਤੋਂ ਚੱਲਦੇ ਬਰਤਾਨਵੀ ਤਖ਼ਤ ਦੀ ਹੱਲਾਸ਼ੇਰੀ ਤੇ ਆਪਣੀ ਗੋਰੀ ਨਸ਼ਲ ਦੇ ਸਰਵ ਉੱਤਮ ਹੋਣ ਦਾ ਨੱਕੋ-ਨੱਕੋ ਭਰਿਆ ਗੁਮਾਨ। ਫੁੱਲਾਂ, ਤਿੱਤਲੀਆਂ, ਕਵਿਤਾਵਾਂ ਤੇ ਮੁਹੱਬਤ ਬਾਰੇ ਸੋਚਣ ਦਾ ਵਕਤ ਹੁਣ ਕਿੱਥੇ ਸੀ ਉਸ ਕੋਲ? ਉਹ ਤਾਂ ਬ੍ਰਿਟਿਸ਼ ਸਾਮਰਾਜ ਦੀਆਂ ਨੀਹਾਂ ਪੱਕੇ ਪੈਰੀਂ ਕਰਨ ਬਾਰੇ ਹੀ ਸੋਚਦਾ ਰਹਿੰਦਾ। ਮਾਰਥਾ, ਜਦੋਂ ਕਿਸੇ ਇਨਸਾਨ ਨੂੰ ਆਪਣੇ ਸਰਵ ਉੱਤਮ ਤੇ ਤਾਕਤਵਰ ਹੋਣ ਦਾ ਭਰਮ ਹੋ ਜਾਵੇ- ਉਹ ਇਨਸਾਨ ਨਹੀਂ ਰਹਿੰਦਾ, ਕੁੱਝ ਹੋਰ ਹੋ ਜਾਂਦਾ ਹੈ। ਤਾਕਤਵਰ ਮਨੁੱਖ ਕਿਸੇ ਨੂੰ

ਪਿਆਰ ਨਹੀਂ ਕਰ ਸਕਦਾ—ਉਹ ਕੇਵਲ ਤੇ ਕੇਵਲ ਧੌਂਸ ਜਮਾ ਸਕਦਾ ਹੈ।"

"ਓਨਾ ਮੈਮ, ਤੁਸੀਂ ਤਾਂ ਸਰ ਨੂੰ ਏਨਾ ਪਿਆਰ ਕਰਦੇ ਸੀ, ਤੁਸੀਂ ਕਦੇ ਨਹੀਂ ਸੀ ਸਮਝਾਇਆ ?"

"ਹੁਣ ਉਹ ਮੇਰੀ ਸੁਣਦਾ ਹੀ ਕਦੋਂ ਸੀ ?" ਓਨਾ ਦੇ ਚਿਹਰੇ 'ਤੇ ਅਫ਼ਸੋਸ ਤੇ ਵਿਅੰਗ ਭਰੀ ਮੁਸਕਾਣ ਉੱਭਰੀ।

"ਸੱਤਾ ਦੇ ਨਸ਼ੇ 'ਚ ਚੂਰ ਹੋਏ ਲੋਕਾਂ ਨੂੰ ਸਮਝਾਉਣਾ ਬੜਾ ਔਖਾ ਹੁੰਦਾ ਹੈ ਮਾਰਥਾ। ਸੱਤਾ ਮਨੁੱਖ ਨੂੰ ਹਰ ਤਰ੍ਹਾਂ ਨਾਲ ਭ੍ਰਿਸ਼ਟ ਅਤੇ ਹੰਕਾਰੀ ਬਣਾ ਦਿੰਦੀ ਹੈ। ਸੱਤਾ ਤੋਂ ਤਾਂ ਧਰਮ ਵੀ ਡਰਦਾ ਹੈ।" ਓਨਾ ਸਰਕਾਰ ਵਲੋਂ ਸਮੇਂ-ਸਮੇਂ 'ਤੇ ਮਾਈਕਲ ਓਡਵਾਇਰ ਨੂੰ ਦਿੱਤੇ ਤਮਗਿਆਂ, ਖ਼ਿਤਾਬਾਂ ਤੇ ਸਨਮਾਨਾਂ ਵੱਲ ਹਿਕਾਰਤ ਭਰੀਆਂ ਨਿਗਾਹਾਂ ਨਾਲ ਵੇਖਣ ਲੱਗੀ ਸੀ।

"ਮਾਰਥਾ ਆਹ ਜੋ ਦੀਵਾਰ 'ਤੇ ਟੰਗੇ ਪਏ ਨੇ, ਸੱਤਾ ਐਹੋ ਜਿਹੇ ਖਿਤਾਬ ਤੇ ਥਾਪੜੇ ਮਾਈਕਲ ਵਰਗਿਆਂ ਨੂੰ ਵੰਡਦੀ ਰਹਿੰਦੀ ਹੈ। ਇਨ੍ਹਾਂ ਝੂਠੇ ਥਾਪੜਿਆਂ ਦੀ ਫੂਕ 'ਚ ਆਏ ਮਾਈਕਲ ਵਰਗੇ ਅਫਸਰਸ਼ਾਹ ਆਵਾਮ ਦਾ ਸ਼ਿਕਾਰ ਕਰਦੇ ਨੇ। ਇਨ੍ਹਾਂ ਖਿਤਾਬਾਂ ਤੇ ਤਮਗਿਆਂ ਸਨਮਾਨਾਂ ਨੇ ਮਾਈਕਲ ਦੀ ਸੋਚ ਨੂੰ ਪੁੱਠਾ ਗੇੜਾ ਦੇ ਦਿੱਤਾ ਸੀ। ਉਸਨੂੰ ਮੇਰੀ ਆਵਾਜ਼ ਸੁਣਾਈ ਹੀ ਨਹੀਂ ਸੀ ਦਿੰਦੀ। ਮੈਂ ਬਹੁਤ ਉੱਚੀ ਬੋਲਦੀ ਸਾਂ। ਮੈਂ ਫੁੱਲਾਂ ਤਿੱਤਲੀਆਂ ਦੀਆਂ ਗੱਲਾਂ ਕਰਨ ਵਾਲੇ ਮਾਈਕਲ ਨੂੰ ਬਹੁਤ ਆਵਾਜ਼ਾਂ ਮਾਰਦੀ ਸਾਂ ਪਰ-- -।" ਓਨਾ ਫੁੱਟ-ਫੁੱਟ ਰੋਣ ਲੱਗੀ ਸੀ।

"ਮੈਮ ਰੀਲੈਕਸ ਹੋਵੋ---ਪਲੀਜ਼ ਆਪਣੇ ਆਪ ਨੂੰ ਸੰਭਾਲੋ। ਮੇਰੀ ਮੰਨੋ ਤਾਂ ਕੁੱਝ ਚਿਰ ਲਈ ਸੌਂ ਜਾਵੋ। ਜਿਸ ਦਿਨ ਦੇ ਸਰ ਫੌਤ ਹੋਏ ਨੇ---ਤੁਸੀਂ ਬੜੀ ਮੁਸ਼ਕਲ ਨਾਲ ਕੁੱਝ ਘੰਟੇ ਹੀ ਸੁੱਤੇ ਹੋਵੋਂਗੇ।"

"ਨੀਂਦ ਕਿੱਥੇ ਆਉਂਦੀ ਹੈ ਮਾਰਥਾ? ਮੈਨੂੰ ਤਾਂ ਨਾਅਰਿਆਂ ਦੀਆਂ ਆਵਾਜ਼ਾਂ ਹੀ ਸੁਣਾਈ ਦਿੰਦੀਆਂ ਰਹਿੰਦੀਆਂ। ਧਿਆਨ ਨਾਲ ਸੁਣ, ਇਹ ਆਵਾਜ਼ਾਂ ਹੁਣ ਵੀ ਆ ਰਹੀਆਂ ਨੇ। ਲੱਖਾਂ-ਕਰੋੜਾਂ ਆਵਾਜ਼ਾਂ। ਇਨਕਲਾਬ ਜ਼ਿੰਦਾਬਾਦ—ਸਾਮਰਾਜ ਮੁਰਦਾਬਾਦ।" "ਤੁਸੀਂ ਠੀਕ ਨਹੀਂ ਹੋ ਮੈਮ—ਕੋਈ ਆਵਾਜ਼ ਨਹੀਂ ਆ ਰਹੀ।" "ਤੂੰ ਗਲਤ ਆਖਦੀ ਏ ਮਾਰਥਾ। ਮਾਈਕਲ ਵੀ ਇਉਂ ਹੀ ਆਖਦਾ ਹੁੰਦਾ ਸੀ। ਅੰਤ ਤੱਕ ਆਖਦਾ ਰਿਹਾ ਕਿ ਕੋਈ ਆਵਾਜ਼ ਨਹੀਂ ਆ ਰਹੀ। ਸਾਰੇ ਹਾਕਮ ਹੀ ਇਉਂ ਆਖਦੇ ਹੁੰਦੇ ਨੇ। ਜਿਨ੍ਹਾਂ ਦੇ ਕੰਨਾਂ 'ਤੇ ਪੱਟੀਆਂ ਬੱਝੀਆਂ ਹੋਣ ਉਨ੍ਹਾਂ ਨੂੰ ਲੋਕਾਂ ਦੀ ਕੋਈ ਆਵਾਜ਼ ਸੁਣਾਈ ਨਹੀਂ ਦਿੰਦੀ।"

"ਤੁਸੀਂ ਠੀਕ ਕਿਹਾ ਓਨਾ ਮੈਮ! ਤੁਸੀਂ ਬਿਲਕੁੱਲ ਠੀਕ ਕਿਹਾ। ਹਾਕਮਾਂ ਨੂੰ ਆਵਾਮ ਦੀ ਕੋਈ ਚੀਕ ਪੁਕਾਰ ਸੁਣਾਈ ਨਹੀਂ ਦਿੰਦੀ ਹੁੰਦੀ।"

"ਮਾਰਥਾ ਤੈਨੂੰ ਪਤਾ ਇਹ ਆਵਾਜ਼ਾਂ ਮੈਨੂੰ ਪਹਿਲੀ ਵਾਰ ਕਦੋਂ ਸੁਣੀਆਂ ਸਨ ?" ਓਨਾ ਦੇ ਸਵਾਲ ਦੇ ਜਵਾਬ 'ਚ ਮਾਰਥਾ ਕੁੱਝ ਨਾ ਬੋਲੀ ਪਰ ਉਸ ਦੀਆਂ ਅੱਖਾਂ ਸਵਾਲ ਬਣ ਗਈਆਂ।

"ਜਦੋਂ ਮੈਂ ਪਹਿਲੀ ਵਾਰ ਮਾਈਕਲ ਨਾਲ ਇੰਡੀਆ ਆਈ ਸਾਂ ਤੇ ਤੇਰਾਂ ਮਾਰਚ ਉੱਨੀ ਸੌ ਚਾਲੀ, ਮਾਈਕਲ ਦੀ ਹੱਤਿਆ ਵਾਲੇ ਦਿਨ ਤੱਕ ਸੁਣਦੀ ਰਹੀ ਹਾਂ। ਹੁਣ ਵੀ ਸੁਣੀ ਜਾਂਦੀਆਂ ਨੇ ਤੇ ਸ਼ਾਇਦ ਮੇਰੇ ਕਬਰ 'ਚ ਪੈਣ ਤੱਕ ਸੁਣਾਈ ਦਿੰਦੀਆਂ ਰਹਿਣ। ਪਰ ਮੈਂ ਹੈਰਾਨ ਹਾਂ ਮਾਈਕਲ ਐਨਾ ਬੋਲਾ ਕਿਉਂ ਸੀ? ਉਸਨੂੰ ਸੁਣਾਈ ਕਿਉਂ ਨਹੀਂ ਸਨ ਦਿੰਦੀਆਂ ?" ਓਨਾ ਖਿੜਕੀ ਅੱਗੇ ਆ ਖੜੀ ਹੋਈ ਜਿਵੇਂ ਸੁਣਾਈ ਦੇ ਰਹੀਆਂ ਆਵਾਜ਼ਾਂ ਨੂੰ ਹੋਰ ਗਹੁ ਨਾਲ ਸੁਣਨਾ ਚਾਹੁੰਦੀ ਹੋਵੇ।

"ਤੁਸੀਂ ਮਾਈਕਲ ਨੂੰ ਇਹ ਆਵਾਜ਼ਾਂ ਸੁਣਨ ਲਈ ਮਜਬੂਰ ਕਰਨਾ ਸੀ।"

"ਕਿਹਾ ਸੀ। ਵਾਰ ਵਾਰ ਕਿਹਾ ਸੀ। ਕਹਿੰਦੀ ਹੀ ਰਹਿੰਦੀ ਸਾਂ।"

"ਪਹਿਲੀ ਵਾਰ ਕਦੋਂ ਕਿਹਾ ਸੀ ?"

"ਸੰਨ ਉੱਨੀ ਸੌ ਚੌਂਦਾ 'ਚ। ਉਦੋਂ ਪਹਿਲੀ ਸੰਸਾਰ ਜੰਗ ਭਖ ਚੁੱਕੀ ਸੀ। ਬ੍ਰਿਟੇਨ ਇਸ 'ਚ ਉਲਝ ਚੁੱਕਾ ਸੀ। ਉਸਨੇ ਆਪਣੇ ਅਧੀਨ ਬਸਤੀਆਂ ਨੂੰ ਧੱਕੇ ਨਾਲ ਹੀ ਜੰਗ ਦੇ ਮੈਦਾਨ 'ਚ ਧਕੇਲ ਲਿਆ। ਇਨ੍ਹਾਂ ਬਸਤੀਆਂ 'ਚੋਂ ਧੱਕੇ ਨਾਲ ਫੌਜੀ ਭਰਤੀ ਕਰਨ ਲੱਗਾ। ਇੰਡੀਆ ਦੇ ਪਿੰਡਾਂ ਕਸਬਿਆਂ 'ਚੋਂ ਵੀ ਧੱਕੇ ਨਾਲ ਫ਼ੌਜੀ ਭਰਤੀ ਕੀਤੀ ਜਾਣ ਲੱਗੀ। ਜ਼ੈਲਦਾਰਾਂ, ਨੰਬਰਦਾਰਾਂ, ਪਟਵਾਰੀਆਂ, ਕਾਨੂੰਨਗੋਆਂ, ਤਹਿਸੀਲਦਾਰਾਂ, ਦਰੋਗਿਆਂ ਤੇ ਹੋਰ ਸਰਕਾਰੀ ਅਹਿਲਕਾਰਾਂ ਨੂੰ ਭਰਤੀ ਕਰਵਾਉਣ ਦੇ ਕੋਟੇ ਲਾ ਦਿੱਤੇ। ਮਾਵਾਂ ਦੇ ਗੱਭਰੂ ਪੁੱਤਾਂ ਨੂੰ ਜ਼ਬਰਦਸਤੀ ਫੜ-ਫੜ ਕੇ ਜੰਗ ਦੀ ਭੱਠੀ 'ਚ ਝੋਕਣ ਲਈ ਹਜ਼ਾਰਾਂ ਮੀਲ ਦੂਰ ਭੇਜਿਆ ਜਾਣ ਲੱਗਾ।"

"ਤੋਬਾ! ਤੋਬਾ! ਇਹ ਤਾਂ ਬਹੁਤ ਧੱਕਾ ਸੀ।" ਮਾਰਥਾ ਨੇ ਕੰਨਾਂ 'ਤੇ ਹੱਥ ਰੱਖ ਲਏ।

"ਲੋਕਾਂ 'ਤੇ ਜ਼ੁਲਮ ਹੋ ਰਹੇ ਸਨ। ਫ਼ੌਜੀ ਭਰਤੀ ਨਾ

ਦੇਣ ਵਾਲੇ ਪਿੰਡਾਂ ਦੇ ਲੋਕਾਂ ਦੀਆਂ ਜ਼ਮੀਨਾਂ ਜਾਇਦਾਦਾਂ ਕੁਰਕ ਹੋ ਰਹੀਆਂ ਸਨ। ਜੇਲ੍ਹਾਂ 'ਚ ਤੁੰਨ੍ਹਿਆ ਜਾ ਰਿਹਾ ਸੀ। ਵਿਰੋਧ ਕਰਨ ਵਾਲੀਆਂ ਔਰਤਾਂ ਨੂੰ ਵਾਲਾਂ ਤੋਂ ਫੜ ਕੇ ਘੜੀਸਿਆ ਜਾਂਦਾ। ਬਜ਼ੁਰਗਾਂ ਨੂੰ ਕੰਡਿਆਲੀਆਂ ਝਾੜੀਆਂ 'ਤੇ ਬੈਠਾਇਆ ਜਾਂਦਾ। ਉਨ੍ਹਾਂ ਦੇ ਮੂੰਹਾਂ 'ਤੇ ਥੁੱਕਿਆ ਜਾਂਦਾ। ਕੋੜੇ ਮਾਰੇ ਜਾਂਦੇ। ਉਹ ਕਿਹੜਾ ਤਸ਼ੱਦਦ ਸੀ ਜਿਹੜਾ ਲੋਕਾਂ 'ਤੇ ਨਹੀਂ ਸੀ ਕੀਤਾ ਜਾ ਰਿਹਾ। ਪੰਜਾਬ 'ਚੋਂ ਸਭ ਤੋਂ ਵੱਧ ਭਰਤੀ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਸੀ। ਮਾਰਥਾ, ਮੈਂ ਉਸ ਸਮੇਂ ਦੀ ਚਸ਼ਮਦੀਦ ਗਵਾਹ ਹਾਂ। ਨੌਜਵਾਨ ਬਾਰੂਦ ਦਾ ਖਾਜਾ ਬਣ ਰਹੇ ਸਨ ਤੇ ਬਜ਼ੁਰਗ ਮਾਂ- ਬਾਪ ਕੁਰਲਾ ਰਹੇ ਸਨ।"

"ਓਹ ਮਾਈ ਗਾਡ!" ਮਾਰਥਾ ਦੀ ਚੀਕ ਨਿਕਲਣ ਲੱਗੀ ਸੀ।

"ਉਦੋਂ ਮੈਂ ਪਹਿਲੀ ਵਾਰ ਮਾਈਕਲ ਨੂੰ ਆਵਾਮ ਦੀ ਆਵਾਜ਼ ਸੁਣ ਕੇ ਅਣਮਨੁੱਖੀ ਜ਼ੁਲਮ ਬੰਦ ਕਰਨ ਲਈ ਕਿਹਾ ਸੀ।"

"ਫੇਰ ?"

"ਸੁਣਦੇ ਕਿੱਥੇ ਨੇ ਬੰਦ ਅੱਖਾਂ ਤੇ ਕੰਨਾਂ ਵਾਲੇ। ਇਸ ਜੰਗ 'ਚ ਹਜ਼ਾਰਾਂ ਨਹੀਂ ਲੱਖਾਂ ਪੰਜਾਬੀਆਂ ਦੀਆਂ ਕੁੰਦਨ ਵਰਗੀਆਂ ਦੇਹਾਂ ਕਬਰੀਂ ਜਾ ਪਈਆਂ। ਪਿੱਛੇ ਮਾਵਾਂ ਕੋਲ ਹਾਉਂਕੇ ਸਨ। ਗੁੰਮ ਗੁਆਚ ਗਏ ਪੁੱਤਾਂ ਦੇ ਪਰਤਣ ਦੀ ਉਡੀਕ ਤੇ ਗੋਰੀ ਚਮੜੀ ਲਈ ਬਦ-ਦੁਆਵਾਂ ਸਨ।" ਓਨਾ ਨੇ ਮੂੰਹ ਦੂਜੇ ਪਾਸੇ ਕਰਕੇ ਅੱਖਾਂ 'ਚ ਉਤਰ ਆਇਆ ਪਾਣੀ ਸਾਫ਼ ਕੀਤਾ ਪਰ ਮਾਰਥਾ ਨੂੰ ਪਤਾ ਚੱਲ ਗਿਆ।

"ਮਾਈਕਲ ਸਰ ਲਈ ਇਹ ਸਹੀ ਨਹੀਂ ਸੀ।" ਮਾਰਥਾ ਨੇ ਟਿਸ਼ੂ ਪੇਪਰ ਓਨਾ ਨੂੰ ਫੜਾਉਂਦਿਆਂ ਆਖਿਆ।

ਫਿਰ ਗ਼ਦਰ ਲਹਿਰ ਸ਼ੁਰੂ ਹੋ ਗਈ। ਇਹ ਵੀ ਪਹਿਲੀ ਸੰਸਾਰ ਜੰਗ ਦੇ ਦਿਨਾਂ ਦੀਆਂ ਹੀ ਗੱਲਾਂ ਨੇ। ਅਮਰੀਕਾ, ਕਨੇਡਾ ਤੇ ਹੋਰ ਦੇਸ਼ਾਂ 'ਚੋਂ ਸੈਂਕੜੇ ਹਜ਼ਾਰਾਂ ਗ਼ਦਰੀ ਇੰਡੀਆ ਦੀ ਧਰਤੀ ਵੱਲ ਆ ਗਏ। ਉਹ ਦੇਸ਼ 'ਚ ਵੱਡੇ ਪੱਧਰ 'ਤੇ ਹਥਿਆਰਬੰਦ ਬਗ਼ਾਵਤ ਫੈਲਾ ਕੇ ਗੋਰੀ ਨਸਲ ਨੂੰ ਦੇਸ਼ 'ਚੋਂ ਕੱਢ ਦੇਣਾ ਚਾਹੁੰਦੇ ਸਨ।"

"ਓਹ !ਫੇਰ ?" ਮਾਰਥਾ ਨੇ ਉਤਸੁਕਤਾ ਦਿਖਾਈ।

"ਮੈਂ ਮਾਈਕਲ ਨੂੰ ਸਖਤੀ ਨਾਲ ਆਖਿਆ ਕਿ ਬਰਤਾਨਵੀ ਸਰਕਾਰ ਨੂੰ ਟੈਲੀਗਰਾਮ ਭੇਜ ਕੇ ਸਾਰੇ ਹਾਲਾਤ ਤੋਂ ਵਾਕਫ਼ ਕਰਾਓ। ਡਾਊਨਿੰਗ ਸਟਰੀਟ ਨੂੰ ਦੱਸ ਦਿਉ ਕਿ ਬਹੁਤ ਹੋ ਗਈ ਹੈ ਲੁੱਟ-ਖਸੁੱਟ, ਹੁਣ ਇੰਡੀਆ ਤੋਂ ਚਲੇ ਜਾਣਾ ਹੀ ਬੇਹਤਰ ਹੋਵੇਗਾ। ਹੋਰ ਖ਼ੂਨ ਵਹਾਇਆ ਜਾਣਾ ਠੀਕ ਨਹੀਂ। ਬਾਗ਼ੀ ਨੌਜਵਾਨ ਜਾਨ ਤਲੀ 'ਤੇ ਰੱਖੀ ਫਿਰਦੇ ਹਨ। ਉਨ੍ਹਾਂ ਨੂੰ ਆਪਣੀ ਮੌਤ ਦਾ ਉੱਕਾ ਹੀ ਕੋਈ ਫ਼ਿਕਰ ਨਹੀਂ। ਜੇ ਇੰਡੀਆ ਦੇ ਕੁੱਝ ਪਰਸੈਂਟ ਲੋਕ ਵੀ ਬਾਗੀਆਂ ਨਾਲ ਮਿਲ ਗਏ ਤਾਂ ਇੱਕ ਵੀ ਅੰਗਰੇਜ਼ ਦਾ ਬਚ ਕੇ ਨਿਕਲਣਾ ਮੁਸ਼ਕਲ ਹੋ ਜਾਵੇਗਾ।"

"ਫਿਰ ਕੀ ਜਵਾਬ ਦਿੱਤਾ ਮਾਈਕਲ ਸਰ ਨੇ ?"

"ਹੂੰਅ--! ਦਿੱਤਾ ਸੀ ਜਵਾਬ। ਬੜਾ ਉਜੱਡ ਜਿਹਾ, ਜਿਸ 'ਚੋਂ ਹੰਕਾਰ ਦੀ ਬੂ ਆਉਂਦੀ ਸੀ। ਕਹਿਣ ਲੱਗਾ, ਯੂ-ਨੋਅ, ਬ੍ਰਿਟਿਸ਼ਰਜ਼ ਨੇ ਅਠਾਰ੍ਹਾਂ ਸੌ ਸਤਵੰਜਾ ਦੀ ਬਗਾਵਤ ਨੂੰ ਕਿੰਨੀ ਬੇਦਰਦੀ ਨਾਲ ਕੁਚਲਿਆ ਸੀ? ਦਿੱਲੀ ਦੀਆਂ ਗਲੀਆਂ 'ਚ ਬਾਗ਼ੀਆਂ ਦੇ ਖ਼ੂਨ ਨਾਲ ਪਰਨਾਲੇ ਵਗ ਪਏ ਸਨ। ਬਾਗ਼ੀ ਤੇ ਉਨ੍ਹਾਂ ਨੂੰ ਪਨਾਹ ਦੇਣ ਵਾਲੇ ਚੁਰੱਸਤਿਆਂ 'ਚ ਫਾਂਸੀ ਨਾਲ ਲਟਕਾਏ ਸਨ। ਬਗ਼ਾਵਤੀ ਹਿੰਦੂਆਂ ਦੇ ਮੂੰਹਾਂ 'ਚ ਗਊ ਦਾ ਅਤੇ ਮੁਸਲਮਾਨਾਂ ਦੇ ਮੂੰਹਾਂ 'ਚ ਸੂਰ ਦਾ ਮਾਸ ਧੱਕ ਦਿੱਤਾ। ਤਿੱਖੇ ਦਾਤਰਾਂ ਨਾਲ ਔਰਤਾਂ ਦੀਆਂ ਛਾਤੀਆਂ ਕੱਟ ਦਿੱਤੀਆਂ। ਐਸੀਆਂ ਸਜ਼ਾਵਾਂ ਦਿੱਤੀਆਂ ਕਿ ਸ਼ੈਤਾਨ ਦੀ ਰੂਹ ਵੀ ਕੰਬ ਉੱਠੀ ਸੀ। ਯੂ ਨੋਅ, ਸਤਵੰਜਾ ਦੀ ਬਗ਼ਾਵਤ ਦੇ ਮਹਿਜ਼ ਪੰਦਰਾਂ ਸਾਲ ਬਾਅਦ ਪੰਜਾਬ ਦੇ ਨਾਮਧਾਰੀਆਂ ਨੇ ਬਗ਼ਾਵਤ ਕਰਨ ਦੀ ਹਿਮਾਕਤ ਕੀਤੀ ਤਾਂ ਮਲੇਰਕੋਟਲੇ 'ਚ ਇੱਕੋ ਦਿਨ 'ਚ ਉਨੰਜਾ ਨਾਮਧਾਰੀ ਕੂਕਿਆਂ ਨੂੰ ਤੋਪਾਂ ਅੱਗੇ ਬੰਨ੍ਹ ਕੇ ਉਡਾ ਦਿੱਤਾ ਸੀ।' ਆਵਦੇ ਵਲੋਂ ਮਾਈਕਲ ਨੇ ਹਿੱਕ ਚੌੜੀ ਕਰਕੇ ਬੜੇ ਮਾਣ ਨਾਲ ਕਿਹਾ ਸੀ।"

"ਓਹ ਪ੍ਰਭੂ! ਬੇਗੁਨਾਹਾਂ ਦੀ ਹੱਤਿਆ ਕਰਨ ਵਾਲਿਆਂ ਨੂੰ ਮੁਆਫ ਕਰੀਂ। ਉਹ ਨਹੀਂ ਜਾਣਦੇ ਕਿ ਉਹ ਕਿੰਨਾ ਗਲਤ ਕਰ ਰਹੇ ਨੇ।" ਮਾਰਥਾ ਨੇ ਗਲੇ 'ਚ ਪਾਈ ਸਲੀਬ ਨੂੰ ਚੁੰਮਿਆ ਸੀ।

"ਮਾਰਥਾ, ਫਰਾਂਸਿਸ ਮਾਈਕਲ ਓਡਵਾਇਰ, ਲੈਫਟੀਨੈਂਟ ਗਵਰਨਰ ਆਫ ਪੰਜਾਬ ਦੇ ਸਖਤ ਆਦੇਸ਼ਾਂ 'ਤੇ ਸੈਂਕੜੇ ਗ਼ਦਰੀਆਂ ਨੂੰ ਫੜ ਕੇ ਫਾਂਸੀਆਂ ਦੇ ਤਖਤਿਆਂ 'ਤੇ ਲਟਕਾ ਦਿੱਤਾ। ਸੈਂਕੜੇ ਬਾਗੀਆਂ ਨੂੰ ਸਮੁੰਦਰ ਦੇ ਐਨ ਵਿਚਕਾਰ ਅੰਡੇਮਾਨ ਦੇ ਟਾਪੂਆਂ 'ਤੇ ਬਣੀ ਸੈਲੂਲਰ ਜੇਲ੍ਹ 'ਚ ਸੜਨ ਮਰਨ ਲਈ ਭੇਜ ਦਿੱਤਾ। ਇਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰ ਲਈਆਂ। ਪੁਲੀਸ, ਕਾਨੂੰਨ, ਜੱਜ ਤੇ ਅਦਾਲਤਾਂ ਇਨ੍ਹਾਂ ਦੀਆਂ ਆਪਣੀਆਂ ਸਨ। ਅਪੀਲ ਦਲੀਲ ਕਿੱਥੇ ਸੀ? ਤੇ ਦੁੱਖ ਦੀ ਗੱਲ---ਮਾਈਕਲ ਵਰਗਿਆਂ ਦੇ ਚਿਹਰਿਆਂ 'ਤੇ ਅਫਸੋਸ ਦਾ ਕੋਈ ਮਾੜਾ ਮੋਟਾ ਨਿਸ਼ਾਨ ਵੀ ਨਹੀਂ ਸੀ ਹੁੰਦਾ।

ਉਹ ਘਰ ਹੋਵੇ ਜਾਂ ਦਫ਼ਤਰ—ਸਿਗਰਟ ਦੇ ਕਸ਼ ਖਿਚਦਿਆਂ, ਧੂੰਏ ਦੇ ਬੱਦਲ ਬਣਾਉਂਦਾ ਰਹਿੰਦਾ। ਇਨ੍ਹਾਂ ਧੂੰਏ ਦੇ ਬੱਦਲਾਂ 'ਚੋਂ ਉਸਨੂੰ ਆਪਣੀ ਤਰੱਕੀ ਦੀਆਂ ਪੌੜੀਆਂ ਨਜ਼ਰ ਆਉਂਦੀਆਂ ਪਰ ਮੈਨੂੰ ਇਸ ਧੂੰਏਂ 'ਚੋਂ ਅੰਗਰੇਜ਼ ਸਾਮਰਾਜ ਦੀ ਚਿਖਾ ਬਲਦੀ ਦਿਖਾਈ ਦਿੰਦੀ।"

-ਤੂੰ ਵੇਖ ਸਕਦੀ ਏਂ। ਬ੍ਰਿਟਿਸ਼ ਸਾਮਰਾਜ ਬਰਬਾਦੀ ਦੇ ਕੰਢੇ 'ਤੇ ਹੈ। ਆਉਣ ਵਾਲੇ ਪੰਜ ਸੱਤ ਸਾਲਾਂ 'ਚ ਇਸ ਸਾਮਰਾਜ ਦਾ ਸੂਰਜ ਬਹੁਤ ਛੋਟਾ ਜਿਹਾ ਰਹਿ ਜਾਵੇਗਾ।"

ਓਨਾ ਖਿੜਕੀ ਤੋਂ ਬਾਹਰ ਵੇਖਣ ਲੱਗੀ। ਸੂਰਜ ਡੁੱਬ ਰਿਹਾ ਸੀ।

.............

ਓਨਾ ਨੇ ਮਨ ਹੀ ਮਨ ਮਾਈਕਲ ਓਡਵਾਇਰ ਦੇ ਕਤਲ ਦੇ ਦਿਨਾਂ ਦਾ ਹਿਸਾਬ ਲਾਇਆ। ਮਾਈਕਲ ਦੇ ਕਤਲ ਵਾਲੇ ਦਿਨ ਤੇਰਾਂ ਮਾਰਚ ਉੱਨ੍ਹੀ ਸੌ ਚਾਲੀ ਤੋਂ ਅੱਜ ਤੱਕ ਉਹ ਬੜਾ ਕੁੱਝ ਸੁਣਦੀ ਤੇ ਪਿੰਡੇ 'ਤੇ ਹੰਢਾਉਂਦੀ ਆ ਰਹੀ ਸੀ। ਆਪਣੇ ਪਤੀ ਉੱਪਰ ਗੋਲੀਆਂ ਚਲਾਉਣ ਵਾਲੇ ਵਿਅਕਤੀ ਬਾਰੇ ਨਿੱਤ ਨਵੀਂ ਤੋਂ ਨਵੀਂ ਜਾਣਕਾਰੀ ਓਨਾ ਨੂੰ ਮਿਲਦੀ ਰਹੀ ਸੀ। ਪੁਲਿਸ ਜਾਂ ਇੰਨਟੈਲੀਜੈਂਸ ਵਿਭਾਗ ਦਾ ਕੋਈ ਉੱਚ ਅਧਿਕਾਰੀ ਉਸ ਕੋਲ ਆ ਕੇ ਚੱਲ ਰਹੇ ਘਟਨਾਕ੍ਰਮ ਬਾਰੇ ਜਾਣਕਾਰੀ ਦੇ ਜਾਂਦਾ ਸੀ।

"ਰਿਸਪੈਕਟਡ ਓਨਾ ਮੈਮ! ਸਰ ਮਾਈਕਲ ਓਡਵਾਇਰ ਦਾ ਹੱਤਿਆਰਾ ਬਹੁਤ ਜਲਦ ਫਾਂਸੀ ਦੇ ਤਖਤੇ 'ਤੇ ਹੋਵੇਗਾ।" ਇੱਕ ਦਿਨ ਚੀਫ਼ ਇੰਸਪੈਕਟਰ ਰੌਲਿੰਗਜ਼ ਓਨਾ ਦੇ ਘਰ ਆਇਆ ਸੀ। ਰੌਲਿੰਗਜ਼ ਗੱਲ ਦੱਸ ਕੇ ਕਿੰਨਾ ਚਿਰ ਓਨਾ ਦੇ ਚਿਹਰੇ ਵੱਲ ਵੇਖਦਿਆਂ ਆਪਣੀ ਗੱਲ ਦਾ ਪ੍ਰਤੀਕਰਮ ਉਡੀਕਦਾ ਰਿਹਾ ਸੀ।

"ਇਸਦਾ ਹੁਣ ਕੀ ਮਤਲਬ ਹੈ? ਉਸਦੇ ਫਾਂਸੀ ਚੜ੍ਹਨ ਨਾਲ ਮੈਨੂੰ ਕੋਈ ਲਾਭ ਹੈ? ਕੰਡੇ ਬੀਜ ਕੇ ਕੋਈ ਫੁੱਲਾਂ ਦੀ ਆਸ ਕਿਵੇਂ ਕਰ ਸਕਦਾ ਹੈ ?" ਓਨਾ ਦੇ ਜਵਾਬ ਨੇ ਚੀਫ਼ ਇੰਸਪੈਕਟਰ ਰੌਲਿੰਗਜ਼ ਦਾ ਉਤਸ਼ਾਹ ਠੰਢਾ ਕਰ ਦਿੱਤਾ ਸੀ।

"ਹਤਿਆਰੇ ਦਾ ਨਾਮ ਮੁਹੰਮਦ ਸਿੰਘ ਆਜ਼ਾਦ ਨਹੀਂ ਹੈ।" ਓਨਾ ਦੇ ਅਗਲੇ ਸਵਾਲ ਦਾ ਜਵਾਬ ਉਡੀਕਦਾ ਚੀਫ਼ ਕੁੱਝ ਚਿਰ ਚੁੱਪ ਰਿਹਾ ਪਰ ਉਸ ਵਲੋਂ ਕੋਈ ਉਤਸ਼ਾਹ ਨਾ ਦਿਖਾਉਣ 'ਤੇ ਉਹ ਆਪ ਹੀ ਬੋਲਿਆ ਸੀ।

"ਉਸਦਾ ਅਸਲ ਨਾਮ ਊਧਮ ਸਿੰਘ ਹੈ।" ਹੁਣ ਓਨਾ ਨੇ ਸਿਰ ਉੱਪਰ ਚੁੱਕ ਕੇ ਵੇਖਿਆ ਸੀ।

"ਉਹ ਪੰਜਾਬ ਸੂਬੇ ਦੇ ਇੱਕ ਛੋਟੇ ਜਿਹੇ ਕਸਬੇ ਸੁਨਾਮ ਤੋਂ ਹੈ।"

"ਓਹ! ਇਹ ਤਾਂ ਸੁਨਾਮ ਦੀ ਧਰਤੀ ਲਈ ਬੜੇ ਮਾਣ ਵਾਲੀ ਗੱਲ ਹੋਵੇਗੀ ਕਿ ਊਧਮ ਸਿੰਘ ਉਸਦੀ ਮਿੱਟੀ 'ਚੋਂ ਪੈਦਾ ਹੋਇਆ ਜਿਵੇਂ ਸਟਰੈਟਫੋਰਡ ਨੂੰ ਮਾਣ ਹੈ ਸੰਸਾਰ ਪ੍ਰਸਿੱਧ ਲੇਖਕ ਵਿਲੀਅਮ ਸੈਕਸਪੀਅਰ ਨੇ ਉੱਥੇ ਜਨਮ ਲਿਆ। ਜਿਸ ਤਰ੍ਹਾਂ ਸਟਰੈਟਫੋਰਡ 'ਚ ਵਿਲੀਅਮ ਦੀ ਸ਼ਾਨਦਾਰ ਯਾਦਗਾਰ ਬਣੀ ਹੋਈ ਹੈ, ਸੁਨਾਮ ਦੇ ਲੋਕ ਵੀ ਕਿਸੇ ਦਿਨ ਆਪਣੇ ਨਾਇਕ ਦੀ ਯਾਦ 'ਚ ਸ਼ਾਨਦਾਰ ਇਮਾਰਤ ਤਾਮੀਰ ਕਰਨਗੇ।" ਓਨਾ ਦੀਆਂ ਗੱਲਾਂ ਸੁਣ ਕੇ ਰੌਲਿੰਗਜ਼ ਦਾ ਮੂੰਹ ਅੱਡਿਆ ਹੀ ਰਹਿ ਗਿਆ।

"ਮਿਸਟਰ ਰੌਲਿੰਗਜ਼! ਹੈਰਾਨ ਹੋਣ ਦੀ ਲੋੜ ਨਹੀਂ ਹੈ। ਹਰ ਕੌਮ ਦੇ ਆਪਣੇ ਸ਼ਹੀਦ ਹੁੰਦੇ ਹਨ। ਜਿਵੇਂ ਅੰਗਰੇਜ਼ ਕੌਮ ਲਈ ਮਾਈਕਲ ਸ਼ਹੀਦ ਹੋ ਸਕਦਾ ਹੈ ਪਰ ਹਿੰਦੋਸਤਾਨੀਆਂ ਲਈ ਇੱਕ ਬੁੱਚੜ ਪ੍ਰਸ਼ਾਸਕ ਤੋਂ ਵੱਧ ਕੁੱਝ ਵੀ ਨਹੀਂ। ਹਾਂ ਦੇਰ ਸਵੇਰ ਮੁਹੰਮਦ ਸਿੰਘ ਆਜ਼ਾਦ ਜਾਂ ਜਿਵੇਂ ਤੁਸੀਂ ਦੱਸਿਆ ਹੈ ਊਧਮ ਸਿੰਘ—ਆਪਣੇ ਲੋਕਾਂ ਲਈ ਸ਼ਹੀਦ ਬਣ ਜਾਵੇਗਾ। ਤੁਹਾਡੀਆਂ ਅਦਾਲਤਾਂ ਇੱਕ ਨਾ ਇੱਕ ਦਿਨ ਉਸ ਨੂੰ ਫਾਂਸੀ ਦੇ ਤਖ਼ਤੇ ਤੱਕ ਲੈ ਹੀ ਜਾਣਗੀਆਂ।"

"ਬਣ ਜਾਵੇਗਾ ਤੋਂ ਕੀ ਮਤਲਬ ?"

"ਹਾਂ ਬਣ ਜਾਵੇਗਾ। ਅਜੇ ਤਾਂ ਉੱਥੋ ਦੇ ਸਿਆਸੀ ਆਗੂਆਂ ਲਈ ਉਹ ਭੁੱਲੜ ਦੇਸ਼ ਭਗਤ ਹੀ ਹੈ। ਤੂੰ ਮਹਾਤਮਾ ਗਾਂਧੀ ਦੇ ਉਸ ਬਿਆਨ ਬਾਰੇ ਸੁਣ ਲਿਆ ਹੋਵੇਗਾ ਜੋ ਉਸਨੇ ਮਾਈਕਲ ਦੀ ਮੌਤ ਤੋਂ ਬਾਅਦ ਜਾਰੀ ਕੀਤਾ ਸੀ ?"

"ਹਾਂ, ਉਸਨੇ ਸਰ ਮਾਈਕਲ ਓਡਵਾਇਰ ਦੀ ਮੌਤ, ਲਾਰਡ ਲਮਿੰਗਟਨ, ਲਾਰਡ ਜੈਟਲੈਂਡ, ਅਤੇ ਲੁਈਸ ਡੇਨ ਦੇ ਜ਼ਖ਼ਮੀ ਹੋਣ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਇਸ ਨੂੰ ਪਾਗਲਪਨ ਵਾਲੀ ਕਾਰਵਾਈ ਕਿਹਾ।" ਚੀਫ ਰੌਲਿਗਜ਼ ਨੇ ਤੁਰੰਤ ਉੱਤਰ ਦਿੱਤਾ ਸੀ।

"ਆਪਣੇ ਬਿਆਨ 'ਚ ਉਸਨੇ ਮੇਰੇ ਨਾਲ ਵੀ ਦੁੱਖ ਪ੍ਰਗਟਾਇਆ।"

"ਹਾਂ ਮੈਮ, ਮੈਂ ਪੜ੍ਹਿਆ ਹੈ।"

"ਮੈਂ ਮਾਈਕਲ ਦੀ ਮੌਤ ਨਾਲ ਬੁਰੀ ਤਰ੍ਹਾਂ ਟੁੱਟ ਗਈ ਹਾਂ। ਬਹੁਤ ਉਦਾਸ ਤੇ ਦੁਖੀ ਵੀ ਪਰ ਸੱਚ ਜਾਣੀ ਮੈਨੂੰ ਮਹਾਤਮਾ ਗਾਂਧੀ ਦਾ ਹਮਦਰਦੀ ਪ੍ਰਗਟਾਉਣਾ ਉੱਕਾ ਹੀ ਚੰਗਾ

ਨਹੀਂ ਲੱਗਾ। ਜਾਨ ਤਲੀ 'ਤੇ ਰੱਖ ਕੇ ਆਪਣੇ ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਨੌਜਵਾਨਾਂ ਨੂੰ ਭੁੱਲੜ, ਗੁੰਮਰਾਹ ਹੋਏ ਜਾਂ ਅੱਤਵਾਦੀ ਕਹਿ ਦੇਣਾ ਠੀਕ ਹੈ? ਇਉਂ ਤਾਂ ਫਿਰ ਫਰੈਂਚ ਕ੍ਰਾਂਤੀ ਲਈ ਲੜਨ ਵਾਲੇ ਸਾਰੇ ਨੌਜਵਾਨ ਹੀ ਅੱਤਵਾਦੀ ਹੋਏ। ਸੋਵੀਅਤ ਕ੍ਰਾਂਤੀ ਲਿਆਉਣ ਵਾਲੇ ਕੀ ਭੁੱਲੜ ਨੌਜਵਾਨ ਸਨ? ਕੀ ਸਾਰੇ ਆਇਰਸ ਕ੍ਰਾਂਤੀਕਾਰੀ ਖੂੰਖਾਰ ਨੇ? ਫੇਰ ਤਾਂ ਦੁਨੀਆਂ ਦੇ ਤਮਾਮ ਕ੍ਰਾਂਤੀਕਾਰੀ ਖ਼ਤਰਨਾਕ ਭੇੜੀਏ ਹੋਏ। ਤੇ ਉਸ ਤੇਜ਼ ਤਰਾਰ ਵਕੀਲ ਜਵਾਹਰ ਲਾਲ ਨਹਿਰੂ ਵੱਲ ਵੇਖ ਲਵੋ, ਉਹ ਵੀ ਗੋਲ-ਮੋਲ ਗੱਲ ਕਰਦਾ ਹੈ। ਮਾਈਕਲ ਦੇ ਕਤਲ ਨੂੰ ਗਲਤ ਵੀ ਕਹਿ ਰਿਹਾ ਤੇ ਬਰਤਾਨੀਆ ਸਰਕਾਰ ਨੂੰ ਚੇਤਾਵਨੀ ਵੀ ਦੇ ਰਿਹਾ। ਹੋਰ ਵੀ ਬਥੇਰੇ ਹਿੰਦੋਸਤਾਨੀ ਆਗੂ ਨੇ ਇਹੋ ਜਿਹੇ। ਅਜਿਹੇ ਆਗੂਆਂ ਬਾਰੇ ਤੂੰ ਕੀ ਸੋਚਦਾ ਏਂ ?" "ਮੈਮ! ਇਹ ਰਾਜਨੀਤੀ ਹੈ ਤੇ ਸਾਨੂੰ ਪੁਲਿਸ ਜਾਂ ਫ਼ੌਜ ਵਾਲਿਆਂ ਨੂੰ ਇਸ ਦੀ ਬਹੁਤੀ ਸਮਝ ਨਹੀਂ ਹੁੰਦੀ।"

"ਕੀ ਪੁਲਿਸ ਜਾਂ ਫ਼ੌਜ ਰਾਜਨੀਤੀ ਨੂੰ ਸਮਝੇ ਬਿਨਾਂ ਨਿਹੱਥੇ ਲੋਕਾਂ 'ਤੇ ਕੇਵਲ ਗੋਲੀ ਚਲਾਉਣਾ ਈ ਜਾਣਦੀ ਏ ?" ਓਨਾ ਦੀ ਇਸ ਗੱਲ ਦਾ ਰੌਲਿੰਗਜ਼ ਕੋਲ ਕੋਈ ਜਵਾਬ ਨਹੀਂ ਸੀ।

"ਪਤਾ ਉਹ ਰਾਜਨੀਤੀ ਕਿਉਂ ਕਰ ਰਹੇ ਨੇ?" ਓਨਾ ਨੇ ਇੱਕ ਹੋਰ ਸਵਾਲ ਦਾਗਿਆ।

"ਕੀ ਪਤਾ ?" ਰੌਲਿੰਗਜ਼ ਦੇ ਮੋਢੇ ਕੰਨਾਂ ਵੱਲ ਵਧੇ।

"ਦੂਸਰੀ ਸੰਸਾਰ ਜੰਗ 'ਚ ਜਿਸ ਤਰ੍ਹਾਂ ਦੇ ਹਾਲਾਤ ਬਣੇ ਪਏ ਨੇ, ਨਿਰਸੰਦੇਹ ਇੰਗਲੈਂਡ ਜੰਗ ਹਾਰ ਜਾਵੇਗਾ। ਉਸਨੂੰ ਹਿਟਲਰ ਅੱਗੇ ਗੋਡੇ ਟੇਕਣੇ ਪੈਣਗੇ। ਜੇਕਰ ਜਿੱਤ ਵੀ ਗਿਆ ਤਾਂ ਇਹ ਜਿੱਤ ਹਾਰ ਨਾਲੋਂ ਵੀ ਭੈੜੀ ਹੋਵੇਗੀ। ਹਿੰਦੋਸਤਾਨੀ ਲੀਡਰ ਜਾਣਦੇ ਨੇ ਕਿ ਅੰਗਰੇਜ਼ਾਂ ਨੂੰ ਬੜੀ ਛੇਤੀ ਹਿੰਦੋਸਤਾਨ 'ਚੋਂ ਜਾਣਾ ਪਵੇਗਾ। ਉਹ ਇਸ ਦਾਅ 'ਤੇ ਬੈਠੇ ਹੋਏ ਨੇ ਕਿ ਅੰਗਰੇਜ਼ ਜਾਂਦੇ ਹੋਏ ਸੱਤਾ ਉਨ੍ਹਾਂ ਦੇ ਹੱਥਾਂ 'ਚ ਦੇ ਕੇ ਜਾਣਗੇ। ਸੱਤਾ ਦੇ ਏਧਰ-ਓਧਰ ਖਿਸਕ ਜਾਣ ਦਾ ਡਰ ਸਤਾਉਂਦਾ ਰਹਿੰਦਾ ਭਾਰਤੀ ਆਗੂਆਂ ਨੂੰ।"

"ਕੀ ਸਾਨੂੰ ਸੱਚ-ਮੁੱਚ ਓਥੋਂ ਨਿਕਲਣਾ ਪਵੇਗਾ ?" ਓਨਾ ਨੇ ਸਮਝਿਆ ਰੌਲਿੰਗਜ਼ ਦੇ ਇਸ ਬੇਵਕੂਫੀ ਭਰੇ ਸਵਾਲ ਦਾ ਉੱਤਰ ਦੇਣ ਦੀ ਲੋੜ ਨਹੀਂ ਹੈ। ਉਸਨੇ ਰੌਲਿੰਗਜ਼ ਨੂੰ ਜੂਸ ਦਾ ਗਿਲਾਸ ਪੀਣ ਦਾ ਇਸ਼ਾਰਾ ਕੀਤਾ।

'ਚੱਲੋ ਛੱਡੋ- ਤੁਸੀਂ ਮੁਹੰਮਦ ਸਿੰਘ ਆਜ਼ਾਦ ਬਾਰੇ ਦੱਸੋ। ਜੇਲ੍ਹ 'ਚ ਕਿੱਦਾਂ ਦਾ ਵਿਹਾਰ ਕਰਦਾ ਹੈ? ਕੀ ਜੇਲ੍ਹ 'ਚ ਖਰੂਦ ਕਰਦਾ ਹੈ? ਜਦੋਂ ਅਦਾਲਤ 'ਚ ਆਉਂਦਾ ਹੈ, ਕੀ ਉਸਦੇ ਚਿਹਰੇ ਉੱਪਰ ਕੋਈ ਡਰ ਜਾਂ ਸਹਿਮ ਹੁੰਦਾ ਹੈ ?"

"ਮੁਹੰਮਦ ਸਿੰਘ ਅਜ਼ਾਦ ਨਹੀਂ ਮੈਮ-ਊਧਮ ਸਿੰਘ। ਉਸਦੇ ਚਿਹਰੇ 'ਤੇ ਕਦੇ ਡਰ ਜਾਂ ਸਹਿਮ ਨਾਂ ਦੀ ਕੋਈ ਚੀਜ਼ ਨਹੀਂ ਦੇਖੀ।"

"ਮੁਹੰਮਦ ਸਿੰਘ ਆਜ਼ਾਦ ਹੋਵੇ ਜਾਂ ਊਧਮ ਸਿੰਘ, ਇਸ 'ਚ ਕੀ ਫ਼ਰਕ ਹੈ? ਹੈ ਤਾਂ ਇੱਕੋ ਹੀ ਵਿਅਕਤੀ।"

"ਮੈਮ, ਨਾਂ 'ਚ ਬੜਾ ਕੁੱਝ ਹੈ।"

"ਹਾਂ! ਹਾਂ! ਸਹੀ ਕਿਹਾ ਤੂੰ, ਨਾਂ 'ਚ ਬੜਾ ਕੁੱਝ ਪਿਆ। ਸ਼ੈਕਸਪੀਅਰ ਦਾ ਇਹ ਕਹਿਣਾ ਠੀਕ ਨਹੀਂ ਕਿ ਨਾਂ 'ਚ ਕੀ ਪਿਆ। ਨਾਂ 'ਚ ਹੀ ਤਾਂ ਸਾਰਾ ਕੁੱਝ ਹੈ। ਬ੍ਰਿਟਿਸ਼ੂ ਇਤਿਹਾਸ 'ਚ ਆਪਣਾ ਨਾਂ ਦਰਜ ਕਰਵਾਉਣ ਲਈ ਹੀ ਤਾਂ ਮਾਈਕਲ ਤਾਨਾਸ਼ਾਹਾਂ ਵਾਂਗ ਵਿਹਾਰ ਕਰਦਾ ਰਿਹਾ। ਨਾਂ ਚਮਕਾਉਣ ਲਈ ਹੀ ਤਾਂ ਜਨਰਲ ਡਾਇਰ ਜਲ੍ਹਿਆਂ ਵਾਲਾ ਬਾਗ ਦੇ ਛੋਟੇ ਜਿਹੇ ਗੇਟ ਅੱਗੇ ਖੜ ਕੇ ਗੋਲੀਆਂ ਦਾ ਮੀਂਹ ਵਰਾਉਂਦਾ ਰਿਹਾ। ਇਹ ਨਾਂ ਹੀ ਤਾਂ ਹੈ ਜਿਸ ਨੂੰ ਬਦਲ ਕੇ ਕੋਈ ਊਧਮ ਸਿੰਘ ਤੋਂ ਮੁਹੰਮਦ ਸਿੰਘ ਆਜ਼ਾਦ ਬਣ ਜਾਂਦਾ ਹੈ ਤੇ ਪੂਰੇ ਇੱਕੀ ਵਰ੍ਹਿਆਂ ਬਾਅਦ ਇਤਿਹਾਸ ਦੇ ਪੰਨਿਆਂ 'ਤੇ ਆਪਣੀ ਮੋਹਰ ਲਾ ਦਿੰਦਾ ਹੈ।" ਰੌਲਿੰਗਜ਼ ਨੂੰ ਸਾਬਕਾ ਅੰਗਰੇਜ਼ ਅਧਿਕਾਰੀਆਂ 'ਤੇ ਗੋਲੀ ਚਲਾ ਕੇ ਮਾਰਨ ਅਤੇ ਜ਼ਖਮੀ ਕਰਨ ਵਾਲੇ ਹਮਲਾਵਰ ਦੀ ਤਾਰੀਫ ਉੱਕਾ ਚੰਗੀ ਨਹੀਂ ਸੀ ਲੱਗ ਰਹੀ ਪਰ ਉਸਦੀ ਪੁਲਸੀਆ ਬੁੱਧੀ ਕੋਲ ਓਨਾ ਦੀਆਂ ਗਹਿਰ-ਗੰਭੀਰ ਗੱਲਾਂ ਦਾ ਕੋਈ ਤੋੜ ਨਹੀਂ ਸੀ।

"ਤੁਸੀਂ ਆਪਣਾ ਖਿਆਲ ਰੱਖਣਾ। ਕਿਸੇ ਤਰ੍ਹਾਂ ਦਾ ਖਤਰਾ ਜਾਂ ਲੋੜ ਮਹਿਸੂਸ ਹੋਵੇ ਤਾਂ ਤੁਰੰਤ ਫੋਨ ਕਰ ਦੇਣਾ।" ਰੌਲਿੰਗਜ਼ ਨੇ ਉੱਠ ਕੇ ਜਾਣ ਲੱਗਿਆਂ ਜਾਣਬੁੱਝ ਕੇ ਆਵਾਜ਼ ਨੂੰ ਬੜੀ ਭੇਤਭਰੀ ਬਣਾਉਂਦਿਆਂ ਚੌਕੰਨਾ ਕੀਤਾ ਪਰ ਓਨਾ 'ਤੇ ਇਸ ਦਾ ਕੋਈ ਅਸਰ ਨਾ ਹੋਇਆ ਤੇ ਉਹ ਸਹਿਜ ਹੋ ਕੇ ਬੈਠੀ ਰਹੀ।

ਮਾਈਕਲ ਦੇ ਕਤਲ 'ਚ ਨਿੱਤ ਦਿਨ ਆਉਂਦੇ ਨਵੇਂ ਮੋੜ ਬਾਰੇ ਓਨਾ ਨੂੰ ਕੋਈ ਨਾ ਕੋਈ ਗੱਲ ਦਾ ਪਤਾ ਲੱਗਦਾ ਰਹਿੰਦਾ। ਇੱਕ ਦਿਨ ਉਸ ਨੂੰ ਜਾਣਕਾਰੀ ਮਿਲੀ ਕਿ ਊਧਮ ਸਿੰਘ ਉਰਫ ਮੁਹੰਮਦ ਸਿੰਘ ਆਜ਼ਾਦ ਬਰਿਕਸਟਨ ਜੇਲ੍ਹ 'ਚੋਂ ਆਪਣੀ ਜਾਣ-ਪਛਾਣ ਵਾਲਿਆਂ ਨੂੰ ਚਿੱਠੀਆਂ ਲਿਖਦਾ ਰਹਿੰਦਾ ਹੈ। ਉਹ ਅਕਸਰ ਕਿਤਾਬਾਂ ਭੇਜਣ ਲਈ ਆਖਦਾ ਹੈ। ਹੋਰ ਤਾਂ ਹੋਰ ਉਸਨੇ ਅਦਾਲਤ ਵਿੱਚ ਸਹੁੰ ਖਾਣ ਲਈ

ਵਾਰਸ ਸ਼ਾਹ ਦੁਆਰਾ ਲਿਖੀ 'ਹੀਰ' ਨਾਂ ਦੀ ਬਹੁ-ਚਰਚਿਤ ਕਿਤਾਬ ਦੀ ਮੰਗ ਕੀਤੀ ਹੈ।

ਇਹ ਗੱਲ ਸੁਣ ਕੇ ਓਨਾ ਨੂੰ ਹੈਰਾਨੀ ਨਹੀਂ ਸੀ ਹੋਈ। ਹਿੰਦੋਸਤਾਨ ਦੇ ਕਿਆਮ ਸਮੇਂ ਉਸਨੇ ਭਾਰਤੀਆਂ ਅਤੇ ਖਾਸ ਕਰ ਪੰਜਾਬੀਆਂ ਦੇ ਇਤਿਹਾਸ ਤੇ ਸਭਿਆਚਾਰ ਬਾਰੇ ਕਾਫੀ ਜਾਣਕਾਰੀ ਹਾਸਲ ਕੀਤੀ ਸੀ। ਇਸੇ ਕਰਕੇ ਉਹ ਜਾਣਦੀ ਸੀ ਕਿ ਪੰਜਾਬ ਦੇ ਪੇਂਡੂ ਜਨ ਮਾਨਸ ਨੂੰ 'ਹੀਰ' ਨਾਲ ਕਿੰਨਾ ਗਹਿਰਾ ਲਗਾਅ ਹੈ। ਹੀਰ ਤਾਂ ਇੱਕ ਤਰ੍ਹਾਂ ਪੰਜਾਬੀ ਨੌਜਵਾਨਾਂ ਦੇ ਸੁਪਨਿਆਂ ਦੀ ਸਹਿਜ਼ਾਦੀ ਹੈ।

ਊਧਮ ਸਿੰਘ ਵਲੋਂ ਆਪਣੇ ਕਿਸੇ ਜਾਣ-ਪਛਾਣ ਵਾਲੇ ਨੂੰ ਲਿਖੇ ਇੱਕ ਪੱਤਰ ਦੀ ਸ਼ਬਦਾਵਲੀ ਸੁਣਦਿਆਂ ਤਾਂ ਓਨਾ ਅੰਦਰ ਹੀ ਅੰਦਰ ਹੱਸ ਪਈ ਸੀ। ਇਸ ਚਿੱਠੀ 'ਚ ਊਧਮ ਸਿੰਘ ਆਪਣੇ ਆਪ ਨੂੰ ਹਿਜ਼ ਮੈਜਿਸਟੀ ਦਾ ਦਾਮਾਦ ਆਖਦਾ ਹੈ।

"ਕਿੰਨਾ ਬੇਖੌਫ ਤੇ ਨਿੱਡਰ ਹੈ!" ਓਨਾ ਨੇ ਆਪਣੇ ਆਪ ਨੂੰ ਆਖਿਆ ਸੀ।

ਇੱਕ ਦਿਨ ਮਿਲਣ ਆਏ ਪੁਲਿਸ ਅਧਿਕਾਰੀ ਨੇ ਓਨਾ ਨੂੰ ਊਧਮ ਸਿੰਘ ਵਲੋਂ ਜੇਲ੍ਹ ਤੋਂ ਲਿਖੀਆਂ ਚਿੱਠੀਆਂ ਦੇ ਫੜੇ ਜਾਣ ਬਾਰੇ ਦੱਸਿਆ।

"ਓਨਾ ਮੈਮ, ਊਧਮ ਸਿੰਘ ਬੇਹੱਦ ਖਤਰਨਾਕ ਅਪਰਾਧੀ ਹੈ। ਉਸ ਦੀਆਂ ਕੁੱਝ ਚਿੱਠੀਆਂ ਫੜੀਆਂ ਗਈਆਂ ਨੇ ਜਿਸ ਤੋਂ ਪਤਾ ਲੱਗਦਾ ਕਿ ਉਹਨੇ ਜੇਲ੍ਹ 'ਚੋਂ ਭੱਜਣ ਦੀ ਕੋਸ਼ਿਸ਼ ਕੀਤੀ ਹੈ। ਉਸਨੇ ਆਪਣੇ ਜਾਣੂ ਨੂੰ ਜੇਲ੍ਹ ਅੰਦਰ ਸਲਾਖਾਂ ਕੱਟਣ ਵਾਲੀ ਆਰੀ ਚੋਰੀ ਛਿੱਪੇ ਭੇਜਣ ਲਈ ਲਿਖਿਆ ਸੀ। ਉਸਦਾ ਮਕਸਦ ਜੇਲ੍ਹ 'ਚੋਂ ਦੌੜ ਕੇ ਕਿਸੇ ਨੂੰ ਮਾਰਨਾ ਹੋ ਸਕਦਾ। ਉਸਦੇ ਨਿਸ਼ਾਨੇ 'ਤੇ ਕੌਣ ਹੋਵੇਗਾ- ਕਹਿ ਨਹੀਂ ਸਕਦੇ। ਇਸ ਕਰਕੇ ਮੈਮ ਤੁਹਾਨੂੰ ਵੀ ਬਹੁਤ ਜ਼ਿਆਦਾ ਚੌਕੰਨੇ ਰਹਿਣ ਦੀ ਜ਼ਰੂਰਤ ਹੈ।"

"ਕੀ ਮੀਟਿੰਗ ਵਾਲੇ ਦਿਨ ਤੁਹਾਡੀ ਪੁਲੀਸ ਚੌਕੰਨੀ ਨਹੀਂ ਸੀ ?"

ਅਧਿਕਾਰੀ ਚੁੱਪ ਰਿਹਾ ਸੀ।

"ਮੇਰਾ ਨਹੀਂ ਖਿਆਲ ਕਿ ਉਸਨੇ ਜੇਲ੍ਹ ਤੋਂ ਭੱਜ ਜਾਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਜੇ ਕੋਸ਼ਿਸ਼ ਕੀਤੀ ਹੁੰਦੀ ਤਾਂ ਜੇਲ੍ਹ ਦੀਆਂ ਦੀਵਾਰਾਂ ਉਸਨੂੰ ਡੱਕ ਨਹੀਂ ਸਨ ਸਕਦੀਆਂ।" ਅਧਿਕਾਰੀ ਓਨਾ ਦੀਆਂ ਗੱਲਾਂ 'ਤੇ ਹੈਰਾਨ ਹੀ ਨਹੀਂ ਪ੍ਰੇਸ਼ਾਨ ਵੀ ਹੋ ਰਿਹਾ ਸੀ।

"ਇਹ ਤੁਸੀਂ ਕੀ ਕਹਿ ਰਹੇ ਹੋ ਮੈਮ? ਊਧਮ ਸਿੰਘ ਨੇ ਮਾਈਕਲ ਸਰ ਨੂੰ ਬੇਰਹਿਮੀ ਨਾਲ ਮਾਰਿਆ ਹੈ। ਸਾਡਾ ਸਾਰਿਆਂ ਦਾ ਜ਼ੋਰ ਉਸਨੂੰ ਫਾਂਸੀ ਦੇ ਤਖਤੇ ਤੱਕ ਲੈ ਕੇ ਜਾਣ 'ਚ ਲੱਗਾ ਹੋਇਆ ਹੈ। ਉਹ ਖਤਰਨਾਕ ਤੇ ਖੂੰਖਾਰ ਅਪਰਾਧੀ ਹੈ ਜਿਸਨੇ ਘਿਨਾਉਣਾ ਅਪਰਾਧ ਕੀਤਾ।" ਅਧਿਕਾਰੀ ਨੂੰ ਲੱਗਾ ਓਨਾ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋਣ ਕਰਕੇ ਅਜਿਹੀਆਂ ਗੱਲਾਂ ਕਰ ਰਹੀ ਹੈ।

"ਕੀ ਊਧਮ ਸਿੰਘ ਸੱਚਮੁੱਚ ਖੂੰਖਾਰ ਅਪਰਾਧੀ ਹੈ?"

"ਬਿਲਕੁੱਲ !"

"ਫੇਰ ਤਾਂ ਉਹ ਹੈਰਿੰਗ ਬਰਥ 'ਤੇ ਗੋਲੀ ਚਲਾ ਕੇ ਭੱਜ ਸਕਦਾ ਸੀ। ਤੁਹਾਡੀ ਪੁਲੀਸ ਦਾ ਹੀ ਤਾਂ ਕਹਿਣਾ ਕਿ ਹੈਰਿੰਗ ਬਰਥ ਉਸਦੇ ਰਾਹ 'ਚ ਆ ਗਈ ਸੀ। ਮਿਸਟਰ, ਮੈਂ ਲੰਮਾ ਸਮਾਂ ਪੰਜਾਬ ਰਹੀ ਹਾਂ। ਉੱਥੋਂ ਦਾ ਸਭਿਆਚਾਰ ਨਿਹੱਥੇ 'ਤੇ ਗੋਲੀ ਚਲਾਉਣ ਨੂੰ ਠੀਕ ਨਹੀਂ ਸਮਝਦਾ। ਕੀ ਮੈਂ ਤੁਹਾਨੂੰ ਕੁੱਝ ਪੁੱਛ ਸਕਦੀ ਹਾਂ ?"

"ਕਿਉਂ ਨਹੀਂ ?"

"ਤੁਹਾਡੀ ਸਰਕਾਰ ਨੇ ਭਾਰਤ ਵਿਚ ਔਰਤਾਂ, ਬੱਚਿਆਂ ਅਤੇ ਨਿਹੱਥੇ ਲੋਕਾਂ ਨੂੰ ਮਾਰਿਆ ਹੈ। ਕੀ ਤੁਸੀਂ ਖੂੰਖਾਰ ਨਹੀਂ? ਊਧਮ ਸਿੰਘ ਨੇ ਮੇਰੇ ਜੀਵਨ ਸਾਥੀ ਨੂੰ ਮਾਰਿਆ ਹੈ, ਇਸਦਾ ਮੈਨੂੰ ਦੁੱਖ ਹੈ ਅਤੇ ਮੇਰੇ ਜਿਉਂਦੇ ਰਹਿਣ ਤੱਕ ਰਹੇਗਾ। ਕਿਤੇ ਨਾ ਕਿਤੇ ਊਧਮ ਸਿੰਘ ਪ੍ਰਤੀ ਰੰਜ ਵੀ ਹੈ ਤੇ ਰਹੇਗਾ ਵੀ, ਪਰ ਕੀ ਊਧਮ ਸਿੰਘ ਨੇ ਔਰਤਾਂ, ਬੱਚਿਆਂ ਜਾਂ ਬੇਕਸੂਰ ਲੋਕਾਂ 'ਤੇ ਕੋਈ ਜ਼ੁਲਮ ਕੀਤਾ ਹੈ? ਜੇ ਨਹੀਂ ਤਾਂ ਖੂੰਖਾਰ ਕਿਵੇਂ ਹੋਇਆ ?"

ਪੁਲਿਸ ਅਧਿਕਾਰੀ ਨੂੰ ਲੱਗਾ- ਉੱਠ ਕੇ ਜਾਣਾ ਚੰਗਾ ਹੀ ਨਹੀਂ, ਜ਼ਰੂਰੀ ਵੀ ਹੈ।

ਇਨ੍ਹੀਂ ਦਿਨੀਂ ਓਨਾ ਦੀ ਮਾਨਸਿਕ ਹਾਲਤ ਬੜੀ ਉਦਾਸੀ ਵਾਲੀ ਤੇ ਉਦਰੇਵੇਂ ਭਰੀ ਸੀ। ਨੀਂਦ ਤਾਂ ਉੱਕਾ ਹੀ ਉੱਡ ਗਈ ਸੀ। ਜਦੋਂ ਹੀ ਅੱਖ ਲੱਗਣ ਲੱਗਦੀ, ਡਰਾਉਣਾ ਸੁਪਨਾ ਅੱਖਾਂ 'ਚ ਉਤਰ ਆਉਂਦਾ-ਗਾੜ੍ਹਾ ਕਾਲਾ ਹਨੇਰਾ ਪਸਰਿਆ ਹੋਇਆ। ਲਾਸ਼ਾਂ ਇੱਕ ਦੂਜੇ 'ਤੇ ਚੜ੍ਹੀਆਂ ਪਈਆਂ। ਕੁੱਝ ਲੋਕ ਲਾਲਟੈਨ ਦੇ ਮੱਧਮ ਚਾਨਣ 'ਚ ਲਾਸ਼ਾਂ ਦੇ ਢੇਰ 'ਚੋਂ ਆਪਣਿਆਂ ਨੂੰ ਭਾਲਣ ਲੱਗੇ ਹਨ। ਦੀਵੇ ਦੀ ਲੋਅ 'ਚ ਖੂਨ ਦਾ ਛੱਪੜ ਚਮਕ ਰਿਹਾ। ਇੱਕ ਬਿਰਧ ਮਾਤਾ ਮਿੱਟੀ ਬਣੇ ਪਏ ਜਵਾਨ ਪੁੱਤ ਨੂੰ ਬੁੱਕਲ 'ਚ ਲਈ ਬੈਠੀ ਹੈ। ਹਾਣੀ ਦੀ ਲਾਸ਼ ਵੱਲ ਵੇਖਦਿਆਂ ਇੱਕ ਚੂੜੇ ਵਾਲੀ ਸੱਜ ਵਿਆਹੀ ਨਾਰ ਦੀ ਚੀਕ ਅਸਮਾਨ ਨੂੰ ਚੀਰ ਗਈ। ਅਵਾਰਾ ਕੁੱਤੇ

ਲਾਸ਼ਾਂ ਨੋਚ ਰਹੇ ਹਨ। ਧੁੰਦਲੀਆਂ ਨਜ਼ਰਾਂ ਵਾਲਾ ਬੇਵੱਸ ਬਜ਼ੁਰਗ ਹੱਥ ਵਿਚਲੀ ਸੋਟੀ ਨਾਲ ਕੁੱਤਿਆਂ ਨੂੰ ਭਜਾਉਣ ਦਾ ਅਸਫਲ ਯਤਨ ਕਰ ਰਿਹਾ। ਵੱਡੇ ਮੂੰਹ ਵਾਲਾ ਖੂੰਖਾਰ ਕੁੱਤਾ ਇੱਕ ਲਾਸ਼ ਨੂੰ ਘੜੀਸ ਕੇ ਦੂਰ ਲਿਜਾ ਰਿਹਾ। ਕੁੱਤੇ ਦਾ ਮੂੰਹ ਕਦੇ ਡਾਇਰ 'ਚ ਬਦਲ ਜਾਂਦਾ ਕਦੇ ਓਡਵਾਇਰ 'ਚ। ਕੁੱਤਾ ਜ਼ੋਰ ਦੀ ਬੁਰਕੀ ਭਰਦਾ ਹੈ, ਲਾਸ਼ ਦੀ ਬਾਂਹ ਅੱਡ ਹੋ ਜਾਂਦੀ ਹੈ। ਇਸ ਡਰਾਉਣੇ ਸੁਪਨੇ ਤੋਂ ਤਬਕ ਕੇ ਓਨਾ ਚੀਕਾਂ ਮਾਰਦੀ ਉੱਠ ਖੜ੍ਹਦੀ ਹੈ। ਆਲੇ ਦੁਆਲੇ ਦੇਖਦੀ ਹੈ, ਸਾਹਮਣੀ ਕੰਧ 'ਤੇ ਲੱਗੀ ਫੋਟੋ 'ਚ ਓਡਵਾਇਰ ਵਾਇਸਰਾਏ ਤੋਂ ਸਨਮਾਨ ਲੈਂਦੇ ਹੋਏ ਮੁਸਕਰਾ ਰਿਹਾ।

ਆਏ ਦਿਨ ਹਮਦਰਦੀ ਪ੍ਰਗਟ ਕਰਨ ਲਈ ਆਉਣ ਵਾਲੇ ਅਧਿਕਾਰੀਆਂ ਦੀਆਂ ਗੱਲਾਂ ਓਨਾ ਨੂੰ ਉੱਕਾ ਚੰਗੀਆਂ ਨਹੀਂ ਲੱਗਦੀਆਂ। ਕਈ ਅਧਿਕਾਰੀ ਤਾਂ ਜਾਣ ਬੁੱਝ ਕੇ ਉਸ ਦੁਆਲੇ ਰਹੱਸ ਦਾ ਜਾਲ੍ਹ ਤਾਣ ਦਿੰਦੇ, "ਬੜਾ ਅਜੀਬ ਹੈ, ਡੀਫੈਂਸ ਦੇ ਵਕੀਲ ਸੇਂਟ ਜੌਹਨ ਨੇ ਕੋਰਟ ਵਿੱਚ ਸਿੱਧ ਕੀਤਾ ਹੈ ਕਿ ਓਡਵਾਇਰ ਸਰ ਅਤੇ ਹਮਲਾਵਰ ਮੁਹੰਮਦ ਸਿੰਘ ਆਜ਼ਾਦ ਉਰਫ਼ ਊਧਮ ਸਿੰਘ ਵਿਚਕਾਰ ਦੋਸਤਾਨਾ ਸਬੰਧ ਸਨ।"

ਹੁਣ ਤਾਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਸਾਹਮਣੇ ਆਉਣਗੀਆਂ ਜਿਨ੍ਹਾਂ 'ਚ ਸਚਾਈ ਘੱਟ ਤੇ ਰੁਮਾਂਸ ਵੱਧ ਹੋਵੇਗਾ। ਕੋਈ ਕੁੱਝ ਕਹੇਗਾ-ਕੋਈ ਕੁੱਝ। ਕੁੱਝ ਤਾਂ ਇੱਥੋਂ ਤੱਕ ਜਾਣਗੇ ਕਿ ਮਾਈਕਲ ਤੇ ਊਧਮ ਸਿੰਘ ਇਕੱਠੇ ਡਰਿੰਕ ਲੈਂਦੇ ਸਨ। ਆਹ ਪੱਤਰਕਾਰ ਤਾਂ ਕਿਸੇ ਹੱਦ ਤੱਕ ਵੀ ਜਾ ਸਕਦੇ ਨੇ। ਕੀ ਕਰਨ, ਅਖ਼ਬਾਰਾਂ ਦਾ ਢਿੱਡ ਵੀ ਤਾਂ ਭਰਨਾ ਹੋਇਆ।"

"ਊਧਮ ਸਿੰਘ ਨੇ ਆਪਣੇ ਬਿਆਨਾਂ 'ਚ ਮੰਨਿਆ ਕਿ ਉਹ ਓਡਵਾਇਰ ਨੂੰ ਕਈ ਵਾਰ ਮਿਲਿਆ ਸੀ। ਪਤਾ ਲੱਗਾ ਊਧਮ ਸਿੰਘ ਇੱਕ ਵਾਰ ਤਾਂ ਓਡਵਾਇਰ ਸਰ ਨੂੰ ਉਦੋਂ ਮਿਲਿਆ ਸੀ ਜਦੋਂ ਸਰ ਪਾਰਕ ਵਿੱਚ ਆਪਣੇ ਕੁੱਤੇ ਸਮੇਤ ਸੈਰ ਕਰ ਰਹੇ ਸਨ।"

"ਮਿਸਟਰ ਐਲਡ, ਇਸਦਾ ਮਤਲਬ ਪਤਾ ਕੀ ਹੈ?" ਓਨਾ ਨੇ ਪਰਿਵਾਰਕ ਮਿੱਤਰ ਜੋਸੇਫ ਐਲਡਰਿਨ ਦੀਆਂ ਅੱਖਾਂ 'ਚ ਝਾਕਦਿਆਂ ਸਵਾਲ ਦਾਗਿਆ ਸੀ।

"ਕੀ ?"

"ਇਹ ਕਿ ਕ੍ਰਾਂਤੀਕਾਰੀ ਨਿਹੱਥੇ 'ਤੇ ਵਾਰ ਕਰਨਾ ਅਸੂਲਨ ਠੀਕ ਨਹੀਂ ਸਮਝਦੇ। ਤੁਸੀਂ ਦੱਸੋ, ਉਸ ਸਮੇਂ ਮਾਈਕਲ ਨੂੰ ਮਾਰਨਾ ਕੋਈ ਔਖਾ ਕੰਮ ਸੀ?" ਓਨਾ ਨੂੰ ਹੈਰਾਨੀ ਭਰੀ ਖ਼ਬਰ ਦੱਸ ਕੇ ਹੈਰਾਨ ਕਰਨ ਦੇ ਮਕਸਦ ਨਾਲ ਆਏ ਦੋਸਤ ਨੇ ਓਨਾ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਕੇ ਜਾਣ 'ਚ ਹੀ ਭਲਾਈ ਸਮਝੀ ਸੀ।

ਓਨਾ ਦਾ ਜਵਾਈ ਨੌਰਮਨ ਹਿਊਸਨ ਅਦਾਲਤੀ ਕਾਰਵਾਈ ਦੇਖਣ ਲਈ ਲਗਾਤਾਰ ਜਾਂਦਾ ਸੀ। ਇਸ ਕੇਸ 'ਚ ਅਦਾਲਤ ਨੇ ਉਸਦੀ ਗਵਾਹੀ ਵੀ ਦਰਜ ਕੀਤੀ ਸੀ।

"ਮੌਮ ! ਮਾਣਯੋਗ ਜੱਜ ਐਟਕਿਨਸਨ ਦੀ ਕੋਰਟ ਨੇ ਡੈਡ ਦੇ ਕਾਤਲ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਹੈ।" ਅਦਾਲਤੀ ਕਾਰਵਾਈ ਦੇ ਖਤਮ ਹੁੰਦਿਆਂ ਹੀ ਨੌਰਮਨ ਬੜੀ ਤੇਜ਼ੀ ਨਾਲ ਘਰ ਪਰਤਿਆ ਸੀ। ਉਸਨੇ ਆਪਣੇ ਵਲੋਂ ਬੜੇ ਉਤਸ਼ਾਹ ਨਾਲ ਖ਼ਬਰ ਸੁਣਾਈ ਸੀ। ਹਿਊਸਨ ਨੂੰ ਆਸ ਸੀ ਕਿ ਓਨਾ ਖ਼ਬਰ ਸੁਣ ਕੇ ਜਰੂਰ ਸੰਤੁਸ਼ਟੀ ਦਾ ਲੰਮਾ ਸਾਹ ਲਵੇਗੀ ਪਰ ਉਹ ਤਾਂ ਸਹਿਜਤਾ ਨਾਲ ਬੈਠੀ ਰਹੀ ਸੀ।

"ਹਤਿਆਰੇ ਨੂੰ 25 ਜੂਨ 1940 ਨੂੰ ਸਵੇਰੇ ਨੌਂ ਵਜੇ ਫਾਂਸੀ 'ਤੇ ਲਟਕਾ ਦਿੱਤਾ ਜਾਵੇਗਾ।" ਪ੍ਰਤੀਕਰਮ ਜਾਨਣ ਲਈ ਨੌਰਮਨ ਨੇ ਅੱਖਾਂ ਸੱਸ ਦੇ ਚਿਹਰੇ 'ਤੇ ਗੱਡ ਦਿੱਤੀਆਂ। ਉਹ ਅਜੇ ਵੀ ਚੁੱਪ ਬੈਠੀ ਸੀ।

"ਹੈਰਾਨੀ ਇਹ ਹੈ ਕਿ ਊਧਮ ਸਿੰਘ ਨੇ ਰੋਂਦਿਆਂ ਕਰਲਾਉਂਦਿਆਂ ਰਹਿਮ ਦੀ ਭੀਖ ਨਹੀਂ ਮੰਗੀ। ਉਲਟਾ ਸਰਕਾਰ ਦੇ ਕਾਨੂੰਨੀ ਸਲਾਹਕਾਰਾਂ ਵੱਲ ਵਿਅੰਗ ਭਰੀਆਂ ਜ਼ਹਿਰੀਲੀਆਂ ਨਜ਼ਰਾਂ ਨਾਲ ਵੇਖਿਆ। ਮੇਜ਼ ਉੱਪਰ ਦੀ ਜਿਊਰੀ ਮੈਂਬਰਾਂ ਵੱਲ ਥੁੱਕ ਦਿੱਤਾ। ਮੌਤ ਦੀ ਸਜ਼ਾ ਦਾ ਤਾਂ ਉਸ ਉੱਪਰ ਕੋਈ ਅਸਰ ਹੀ ਨਹੀਂ ਸੀ ਹੋਇਆ।" ਓਨਾ ਨੇ ਹਲਕਾ ਜਿਹਾ ਸਿਰ ਉੱਪਰ ਚੁੱਕਿਆ ਅਤੇ ਜਵਾਈ ਦੇ ਚਿਹਰੇ ਵੱਲ ਵੇਖਿਆ।

"ਥੈਂਕ ਗਾਡ !" ਓਨਾ ਨੇ ਲੰਮਾ ਸਾਹ ਭਰਿਆ। ਨੌਰਮਨ ਨੂੰ ਸਮਝ ਨਾ ਆਈ ਕਿ ਓਨਾ ਨੇ ਰੱਬ ਦਾ ਸ਼ੁਕਰਾਨਾ ਊਧਮ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾ ਦੇਣ ਦੀ ਖਬਰ ਸੁਣ ਕੇ ਕੀਤਾ ਸੀ ਕਿ ਊਧਮ ਸਿੰਘ ਦੇ ਅਡੋਲ ਰਹਿਣ ਬਾਰੇ ਸੁਣ ਕੇ।

"ਮੌਮ, ਲੱਗਦਾ ਨਹੀਂ ਕਿ ਕਾਤਲ ਨੂੰ 25 ਜੂਨ ਨੂੰ ਫਾਂਸੀ ਹੋਵੇ। ਉਸਦੇ ਕਾਨੂੰਨੀ ਸਲਾਹਕਾਰ ਜਿਊਰੀ ਕੋਲ ਮੌਤ ਦੀ ਸਜ਼ਾ ਖਿਲਾਫ ਅਪੀਲ ਜ਼ਰੂਰ ਦਾਇਰ ਕਰਨਗੇ। ਪਰ---?" ਨੌਰਮਨ ਨੇ ਜਾਣ ਬੁੱਝ ਕੇ ਵਾਕ ਕੁੱਝ ਅਧੂਰਾ ਛੱਡਿਆ।

"ਪਰ— ਮੈਨੂੰ ਉਮੀਦ ਹੈ ਕਿ ਜਿਊਰੀ ਵੱਲੋਂ ਅਪੀਲ ਰੱਦ ਕਰ ਦਿੱਤੀ ਜਾਵੇਗੀ।"

"ਤੁਸੀਂ ਹੁਣ ਆਰਾਮ ਕਰੋ—ਥੱਕੇ ਆਏ ਹੋਵੋਂਗੇ।" ਆਖਦਿਆਂ ਓਨਾ ਮਾਈਕਲ ਦੀਆਂ ਕਿਤਾਬਾਂ ਵਾਲੇ ਰੈਂਕ ਅੱਗੇ ਜਾ ਖੜ੍ਹੀ ਹੋਈ। ਨੌਰਮਨ ਸਮਝ ਗਿਆ ਸੀ ਕਿ ਮੌਮ ਇਸ ਵਿਸ਼ੇ 'ਤੇ ਹੋਰ ਗੱਲ ਨਹੀਂ ਕਰਨਾ ਚਾਹੁੰਦੇ।

ਪੰਦਰ੍ਹਾਂ ਜੁਲਾਈ ਦੀ ਸ਼ਾਮ ਨੂੰ ਧੀ ਮੈਰੀ ਓਡਵਾਇਰ ਨੇ ਓਨਾ ਨੂੰ ਜਿਊਰੀ ਦੇ ਫ਼ੈਸਲੇ ਬਾਰੇ ਫੋਨ 'ਤੇ ਦੱਸਿਆ, "ਮੌਮ, ਜਿਊਰੀ ਵਲੋਂ ਊਧਮ ਸਿੰਘ ਦੀ ਅਪੀਲ ਰੱਦ ਕਰ ਦਿੱਤੀ ਗਈ ਹੈ। ਉਸਨੂੰ 31 ਜੁਲਾਈ 1940 ਨੂੰ ਸਵੇਰੇ ਨੌਂ ਵਜੇ ਲੰਡਨ ਦੀ ਪੈਨਟਨਵਿਲ ਜੇਲ੍ਹ 'ਚ ਫਾਂਸੀ 'ਤੇ ਲਟਕਾ ਦਿੱਤਾ ਜਾਵੇਗਾ।"

........

ਊਧਮ ਸਿੰਘ ਨੂੰ ਫਾਂਸੀ ਦੇ ਦਿੱਤੇ ਜਾਣ ਵਾਲੀ ਖ਼ਬਰ ਭਾਵੇਂ ਓਨਾ ਨੇ ਰੇਡੀਓ ਤੋਂ ਜਾਰੀ ਸਰਕਾਰੀ ਬੁਲੇਟਿਨ ਰਾਹੀਂ ਸੁਣ ਲਈ ਸੀ ਪਰ ਇਸ ਸਾਰੇ ਘਟਨਾਕ੍ਰਮ ਦੀ ਪੂਰੀ ਜਾਣਕਾਰੀ ਦੇਣ ਲਈ ਲੰਡਨ ਦਾ ਸ਼ੈਰਿਫ ਜਾਰਜ ਪਰਸੀ ਵਿਸ਼ੇਸ਼ ਤੌਰ 'ਤੇ ਮਿਲਣ ਆਇਆ ਸੀ। ਫਾਂਸੀ ਦੇਣ ਵੇਲੇ ਡਿਊਟੀ 'ਤੇ ਹਾਜ਼ਰ ਰਹੇ ਜੇਲ੍ਹ ਡਾਕਟਰ ਨੂੰ ਵੀ ਉਹ ਨਾਲ ਹੀ ਲਿਆਇਆ ਸੀ।

ਜਾਰਜ ਪਿਛਲੇ ਲੰਮੇ ਸਮੇਂ ਤੋਂ ਓਡਵਾਇਰ ਪਰਿਵਾਰ ਦਾ ਨੇੜਲਾ ਮਿੱਤਰ ਸੀ। ਉਹ ਜਦੋਂ ਵੀ ਓਡਵਾਇਰ ਕੋਲ ਮਿਲਣ ਆਉਂਦਾ, ਦੋਵੇਂ ਹੌਲੀ-ਹੌਲੀ ਸ਼ਰਾਬ ਦੀਆਂ ਘੁੱਟਾਂ ਭਰਦੇ, ਸਿਗਰਟ ਦੇ ਕਸ਼ ਖਿੱਚਦੇ ਤੇ ਤਾਸ਼ ਖੇਡਦੇ। ਮਾਈਕਲ ਦੀ ਮੌਤ ਸ਼ੈਰਿਫ ਲਈ ਨਿੱਜੀ ਘਾਟਾ ਸੀ।

"ਅੱਜ ਆਖਰ ਮਾਈਕਲ ਸਰ ਨੂੰ ਇਨਸਾਫ ਮਿਲ ਹੀ ਗਿਆ।" ਜਾਰਜ ਪਰਸੀ ਨੇ ਤਸੱਲੀ ਦਾ ਲੰਮਾ ਸਾਹ ਲਿਆ ਸੀ।

"ਊਧਮ ਸਿੰਘ ਦੇ ਫਾਂਸੀ ਚੜ੍ਹਨ ਨਾਲ ਤਾਂ ਮਾਈਕਲ ਨੂੰ ਇਨਸਾਫ਼ ਮਿਲਿਆ ਹੈ, ਕੀ ਮਾਈਕਲ ਦੀ ਮੌਤ ਨਾਲ ਜਲ੍ਹਿਆਂ ਵਾਲਾ ਬਾਗ 'ਚ ਮਾਰੇ ਗਏ ਸੈਂਕੜੇ ਲੋਕਾਂ ਨੂੰ ਇਨਸਾਫ ਮਿਲ ਗਿਆ ?" ਓਨਾ ਦੇ ਦਿਮਾਗ 'ਚ ਇਹ ਵਿਚਾਰ ਬਿਜਲੀ ਦੀ ਤੇਜ਼ੀ ਨਾਲ ਦੌੜਿਆ ਪਰ ਉਸਨੇ ਇਸ ਵਿਚਾਰ ਨੂੰ ਬੁੱਲ੍ਹਾਂ ਤੱਕ ਨਾ ਆਉਣ ਦਿੱਤਾ। ਉਸਨੇ ਜਾਰਜ ਦੀ ਗੱਲ ਦੇ ਜਵਾਬ 'ਚ ਹੋਰ ਈ ਸਵਾਲ ਪੁੱਛ ਲਿਆ।

"ਜੌਜ, ਜਦੋਂ ਊਧਮ ਸਿੰਘ ਨੂੰ ਫਾਂਸੀ ਦੇ ਤਖਤੇ ਵੱਲ ਲਿਜਾਇਆ ਜਾ ਰਿਹਾ ਸੀ, ਕੀ ਉਹ ਨਾਰਮਲ ਸੀ?" "ਕੀ ਮਤਲਬ?"

"ਕੀ ਊਧਮ ਸਿੰਘ ਜੇਲ੍ਹ ਕਰਮਚਾਰੀਆਂ ਅੱਗੇ ਗਿੜਗਿੜਾਇਆ ਸੀ? ਉਸਨੇ ਫਾਂਸੀ ਦੇ ਤਖਤੇ ਵੱਲ ਜਾਣ ਤੋਂ ਇਨਕਾਰ ਤਾਂ ਨਹੀਂ ਕੀਤਾ ਜਿਵੇਂ ਕਿ ਮੌਤ ਦੀ ਸਜ਼ਾ ਵਾਲੇ ਅਕਸਰ ਕਰਦੇ ਨੇ ?"

ਓਨਾ ਦਾ ਸਵਾਲ ਸੁਣ ਕੇ ਜਾਰਜ ਨੇ ਆਪ ਜਵਾਬ ਦੇਣ ਦੀ ਥਾਂ ਜੇਲ੍ਹ ਡਾਕਟਰ ਵੱਲ ਵੇਖਿਆ।

"ਨੋ ਮੈਮ! ਊਧਮ ਸਿੰਘ ਬਿਲਕੁੱਲ ਸ਼ਾਂਤ ਸੀ। ਰੋਣਾ ਜਾਂ ਗਿੜਗੜਾਉਣਾ ਤਾਂ ਇੱਕ ਪਾਸੇ, ਉਸਦੇ ਚਿਹਰੇ ਉੱਪਰ ਤਾਂ ਉਦਾਸੀ ਦਾ ਵੀ ਕੋਈ ਚਿੰਨ੍ਹ ਨਹੀਂ ਸੀ ਸਗੋਂ ਸੰਤੁਸ਼ਟੀ ਝਲਕਦੀ ਸੀ। ਮੈਂ ਖੁਦ ਉਸਦੀ ਮੈਡੀਕਲ ਜਾਂਚ ਕੀਤੀ ਸੀ—ਨਾ ਦਿਲ ਦੀ ਧੜਕਣ ਤੇਜ਼ ਸੀ, ਨਾ ਖ਼ੂਨ ਦਾ ਦਬਾਅ ਵੱਧ ਹੋਇਆ। ਉਹ ਤਾਂ ਸਗੋਂ ਆਮ ਨਾਲੋਂ ਵੀ ਸਹਿਜ ਸੀ।" ਜੇਲ੍ਹ ਡਾਕਟਰ ਨੇ ਸ਼ਬਦ ਬੋਚ ਕੇ ਵਰਤੇ ਸਨ।

"ਇਹ ਕ੍ਰਾਂਤੀਕਾਰੀ ਵੀ ਬੜੀ ਢੀਠ ਮਿੱਟੀ ਦੇ ਬਣੇ ਹੁੰਦੇ ਨੇ।" ਜਾਰਜ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ ਸੀ। ਓਨਾ ਨੇ ਮਹਿਸੂਸ ਕੀਤਾ ਜਾਰਜ ਆਪਣੇ ਵਲੋਂ ਤਾਂ ਊਧਮ ਸਿੰਘ ਦੇ ਜ਼ਜ਼ਬੇ ਦੀ ਤਾਰੀਫ ਕਰਨੀ ਚਾਹੁੰਦਾ ਸੀ ਪਰ ਉਸ ਤੋਂ ਝਿਜਕਦਿਆਂ ਸ਼ਬਦਾਂ ਨੂੰ ਘੁਮਾ ਫਿਰਾ ਲਿਆ ਗਿਆ ਸੀ।

"ਫਾਂਸੀ ਚੜ੍ਹਦਿਆਂ ਉਸਨੇ ਕੁੱਝ ਤਾਂ ਕਿਹਾ ਹੋਵੇਗਾ?"

"ਜੇਲ੍ਹ ਵਾਰਡ ਤੋਂ ਫਾਂਸੀ ਵਾਲੇ ਤਖਤੇ ਤੱਕ ਨਾਅਰੇ ਮਾਰਦਾ ਰਿਹਾ।"

"ਕਿਹੋ ਜਿਹੇ ਨਾਅਰੇ ?" ਓਨਾ ਨੇ ਉਤਸੁਕਤਾ ਨਾਲ ਪੁੱਛਿਆ।

"ਇਨਕਲਾਬ ਜ਼ਿੰਦਾਬਾਦ—ਸਾਮਰਾਜ ਮੁਰਦਾਬਾਦ- ਹਿੰਦੋਸਤਾਨ ਜ਼ਿੰਦਾਬਾਦ!"

ਓਨਾ ਨੇ ਅੱਖਾਂ ਬੰਦ ਕਰ ਲਈਆਂ। ਸੱਜੇ ਹੱਥ ਨਾਲ ਛਾਤੀ 'ਤੇ ਸਲੀਬ ਦਾ ਨਿਸ਼ਾਨ ਬਣਾਇਆ।

"ਮੈਂ ਮਾਈਕਲ ਨੂੰ ਬੜਾ ਚਿਰ ਤੋਂ ਇਹ ਆਵਾਜ਼ਾਂ ਸੁਣਨ ਲਈ ਆਖਦੀ ਰਹੀ ਸਾਂ- ਅਫ਼ਸੋਸ ਉਸਨੇ ਮੇਰੀ ਇੱਕ ਨਹੀਂ ਸੁਣੀ।" ਉਸਨੇ ਅਫ਼ਸੋਸ 'ਚ ਸਿਰ ਹਿਲਾਇਆ।

"ਕਾਸ਼! ਹੁਕਮਰਾਨ ਆਵਾਮ ਦੀ ਆਵਾਜ਼ ਸੁਣ ਲਿਆ ਕਰਨ।"

ਜਾਰਜ ਪਰਸੀ ਅਤੇ ਜੇਲ੍ਹ ਡਾਕਟਰ ਹੈਰਾਨੀ ਨਾਲ ਓਨਾ ਦੇ ਮੂੰਹ ਵੱਲ ਵੇਖਦੇ ਰਹਿ ਗਏ ਸਨ।

..........................................................

# ਨਾਮਧਾਰੀ ਸੰਪ੍ਰਦਾਇ
# ਜੀਵਨ-ਜਾਂਚ ਦਾ ਸਿਧਾਂਤਿਕ ਪਰਿਪੇਖ



**ਡਾ. ਖਲੀਲ ਖਾਨ**
9914055472

ਨਾਮਧਾਰੀ ਸੰਪ੍ਰਦਾਇ ਦੀ ਨੀਂਹ ਸਤਿਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ 1857 ਈ. ਨੂੰ ਰੱਖੀ। ਜਿਸ ਦਾ ਉਦੇਸ਼ ਸੀ ਸਿੱਖ ਜਗਤ ਵਿਚ ਆ ਗਈਆਂ ਸਦਾਚਾਰਕ, ਭਾਈਚਾਰਕ ਅਤੇ ਆਤਮਿਕ ਕਮਜ਼ੋਰੀਆਂ ਨੂੰ ਖ਼ਤਮ ਕਰਨਾ। ਨਾਮਧਾਰੀ ਸੰਪ੍ਰਦਾਇ ਦੀ ਸਥਾਪਨਾ ਕਰ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਕਦਰਾਂ-ਕੀਮਤਾਂ ਨੂੰ ਸਿੱਖ ਭਾਈਚਾਰੇ ਵਿੱਚ ਮੁੜ ਤੋਂ ਸੁਰਜੀਤ ਕਰਨ ਲਈ ਸਫ਼ਲ ਯਤਨ ਕੀਤੇ। ਕਿਉਂਕਿ ਸਤਿਗੁਰ ਰਾਮ ਸਿੰਘ ਦਾ ਮੰਨਣਾ ਸੀ ਕਿ ਪੰਜਾਬ ਦਾ ਰਾਜ ਸਿੱਖਾਂ ਹੱਥੋਂ ਖੁੱਸਣ ਦਾ ਕਾਰਨ ਉਹਨਾਂ ਦੇ ਕਿਰਦਾਰ ਵਿੱਚ ਆਈ ਮੌਲਿਕ ਗਿਰਾਵਟ ਸੀ। ਇਸ ਲਈ ਮੁੜ ਤੋਂ ਸਿੱਖ ਰਾਜ ਦੀ ਪ੍ਰਾਪਤੀ ਲਈ ਪਹਿਲਾਂ ਆਪਣੇ ਕਿਰਦਾਰ ਨੂੰ ਉੱਚਾ ਚੁੱਕਣਾ ਲਾਜ਼ਮੀ ਸੀ।

ਨਾਮਧਾਰੀ ਦਾ ਅਰਥ ਹੈ- ਨਾਮ ਨੂੰ ਧਾਰਨ ਕਰਨ ਵਾਲਾ। ਨਾਮ ਜੱਪਦੇ, ਸ਼ਬਦ ਪੜ੍ਹਦੇ ਨਾਮਧਾਰੀ ਸਿੱਖ ਜਦੋਂ ਵਜ਼ਦ ਵਿੱਚ ਆ ਜਾਂਦੇ ਤਾਂ ਉੱਚੀ-ਉੱਚੀ ਆਵਾਜ਼ਾਂ ਕੱਢਦੇ ਜਿਸ ਤੋਂ ਇਨ੍ਹਾਂ ਦਾ ਨਾਮ 'ਕੂਕਾ' ਪੈ ਗਿਆ। ਕੂਕਾ ਵਿਦਵਾਨ ਸਵਰਨ ਸਿੰਘ ਵਿਰਕ ਅਨੁਸਾਰ 'ਨਾਮਧਾਰੀ' ਨਾਮ ਇਸ ਸਮਪ੍ਰਦਾਇ ਦਾ ਸਮਾਜਿਕ ਨਾਮ ਹੈ ਅਤੇ 'ਕੂਕਾ' ਸ਼ਬਦ ਰਾਜਨੀਤਿਕ ਨਾਮ ਨਾਲ ਜੁੜਿਆ ਹੋਇਆ ਹੈ।

ਨਾਮਧਾਰੀ ਸਿੱਖਾਂ ਬਾਰੇ 'ਐਨਸਾਈਕਲੋਪੀਡੀਆ ਬ੍ਰਿਟੈਨਿਕਾ' ਵਿੱਚ ਇਸ ਪ੍ਰਕਾਰ ਲਿਖਿਆ ਹੈ:

"ਕੂਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੱਟੜ ਪੈਰੋਕਾਰ ਹਨ। 19 ਵੀਂ ਸਦੀ ਵਿੱਚ ਜਦ ਸਿੱਖ ਜਨਤਾ ਅਤੇ ਸਿੱਖ ਸੰਪ੍ਰਦਾਵਾਂ ਅਸਲੀ ਸਿੱਖੀ ਤੋਂ ਦੁਰੇਡੇ ਜਾ ਰਹੀਆਂ ਸਨ, ਤੱਦ ਕੂਕੇ ਆਪਣੇ ਉੱਚ ਸਿਧਾਂਤਾਂ ਉੱਤੇ ਪੂਰਨ ਤੌਰ ਤੇ ਕਾਇਮ ਰਹੇ।"

ਨਾਮਧਾਰੀ ਸੰਪ੍ਰਦਾ ਨੇ ਅੰਗਰੇਜ਼ ਦੀ ਗੁਲਾਮੀ ਵਿੱਚੋਂ ਦੇਸ਼ ਨੂੰ ਮੁਕਤ ਕਰਾਉਣ ਵਾਸਤੇ ਬਹੁਤ ਲੰਬਾ ਸੰਘਰਸ਼ ਲੜਿਆ, ਇਸ ਦੇ ਫਲ-ਸਰੂਪ ਅੰਗਰੇਜ਼ੀ ਸਰਕਾਰ ਅਤੇ ਉਸਦੇ ਚਾਟੜੇ ਦੇਸੀ ਰਾਜਿਆਂ, ਮਹਾਰਾਜਿਆਂ ਅਤੇ ਦੇਸ਼ ਧਰੋਹੀਆਂ ਦੁਆਰਾ ਦਿੱਤੇ ਗਏ ਭਿਆਨਕ ਤਸੀਹੇ ਝੱਲੇ ਹਨ। ਨਾਮਧਾਰੀਆਂ ਨੇ ਆਪਣੀ ਕੁਰਬਾਨੀ, ਤਪ ਅਤੇ ਤਿਆਗ ਸਦਕਾ ਉਹ ਇਤਿਹਾਸ ਸਿਰਜਿਆ ਹੈ ਜੋ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਗਿਆ ਹੈ। ਇਹਨਾਂ ਦਾ ਈਜਾਦ ਕੀਤਾ ਨਵੀਨ ਸਿਆਸੀ ਹਥਿਆਰ ਨਾ-ਮਿਲਵਰਤਨ, ਸੁਦੇਸੀ ਅਤੇ ਸਿਵਲ ਨਾ-ਫੁਰਮਾਨੀ ਪਿਛੋਂ ਜਾਕੇ ਮਹਾਤਮਾ ਗਾਂਧੀ ਜੀ ਨੇ ਵੀ ਅਪਣਾਇਆ।

ਸਤਿਗੁਰੂ ਰਾਮ ਸਿੰਘ ਜੀ ਨੇ ਖੰਡੇ ਦਾ ਅੰਮ੍ਰਿਤ ਛਕਾ ਕੇ ਨਾਮਧਾਰੀ ਸੰਤ ਖ਼ਾਲਸੇ ਦੀ ਬੁਨਿਆਦ ਸ੍ਰੀ ਭੈਣੀ ਸਾਹਿਬ ਦੇ ਅਸਥਾਨ 'ਤੇ ਰੱਖੀ। ਨਾਮਧਾਰੀਆਂ ਲਈ ਧਾਰਮਿਕ, ਰਾਜਸੀ ਤੇ ਭਾਈਚਾਰਕ ਨਿਯਮਾਵਲੀਆਂ ਬਣਾਈਆਂ।

**ਨਾਮਧਾਰੀ ਅਸੂਲ**

ਨਾਮਧਾਰੀ ਇੱਕ ਅਕਾਲ ਪੁਰਖ ਵਿੱਚ ਵਿਸ਼ਵਾਸ ਰਖਦੇ ਹਨ। ਨਾਮਧਾਰੀ ਸਿੱਖ 'ਵਾਹਿਗੁਰੂ' ਨਾਮ ਦਾ ਜਾਪ ਕਰਦੇ ਹਨ। ਨਾਮਧਾਰੀਆਂ ਨੂੰ ਇਹ ਵੀ ਹੁਕਮ ਹੈ ਕਿ ਘੱਟੋ-ਘੱਟ ਇੱਕ ਘੰਟਾ ਰੋਜ਼ਾਨਾ ਨਾਮ ਦਾ ਜਾਪ ਜ਼ਰੂਰ ਕੀਤਾ ਜਾਵੇ। ਜੋ ਮਾਨਸਿਕ ਸਥਿਰਤਾ ਅਤੇ ਤੰਦਰੁਸਤੀ ਦਾ ਅਹਿਮ ਨੇਮ ਮੰਨਿਆਂ ਗਿਆ ਹੈ।

ਨਾਮਧਾਰੀ ਦੇਹਧਾਰੀ ਗੁਰੂ ਦੀ ਹੋਂਦ ਦੇ ਮੁਦੱਈ ਹਨ। ਪਰਮਾਰਥ ਦੀ ਪ੍ਰਾਪਤੀ ਵਾਸਤੇ ਸਤਿਗੁਰੂ ਦੀ ਸ਼ਰਨ ਵਿੱਚ ਜਾਣਾ ਜ਼ਰੂਰੀ ਸਮਝਦੇ ਹਨ। ਨਾਮਧਾਰੀ ਮੁਖੀ, ਨਾਮਧਾਰੀਆਂ ਦੇ ਜੀਵਨ ਦੇ ਹਰ ਪੱਖ ਵਿੱਚ ਅਤੇ ਹਰ ਮੋੜ ਤੇ ਅਗਵਾਈ ਕਰਦੇ ਹਨ।

ਨਾਮਧਾਰੀ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਦਸਮ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਆਪਣੇ ਧਾਰਮਿਕ ਅਤੇ ਪਰਮਾਣਿਕ ਗਰੰਥ ਮੰਨਦੇ ਹਨ। ਮਾਸ, ਮੱਛੀ, ਅੰਡੇ, ਸ਼ਰਾਬ, ਤੰਬਾਕੂ

ਅਤੇ ਹੋਰ ਨਸ਼ੀਲੀਆਂ ਚੀਜ਼ਾਂ ਦੇ ਸਖ਼ਤ ਖਿਲਾਫ਼ ਹਨ ਅਤੇ ਇਨ੍ਹਾਂ ਦੇ ਵਿਰੁੱਧ ਪ੍ਰਚਾਰ ਕਰਦੇ ਹਨ। ਨਾਮਧਾਰੀ ਹੁਣ ਵੀ ਸਨਾਤਨ ਰੀਤੀ ਅਨੁਸਾਰ ਹਵਨ-ਯੱਗ ਕਰਦੇ ਤੇ ਕਰਾਉਂਦੇ ਹਨ। ਇਸ ਸਮੇਂ ਗੁਰਬਾਣੀ ਦਾ ਪਾਠ ਹੁੰਦਾ ਹੈ।

ਨਾਮਧਾਰੀਆਂ ਨੇ ਅੰਗਰੇਜ਼ੀ ਰਾਜ ਵਿੱਰੁਧ ਅੰਦੋਲਨ ਚਲਾਇਆ ਜਿਸ ਵਿੱਚ ਨਾ-ਮਿਲਵਰਤਨ ਨੂੰ ਮੁੱਖ ਹਥਿਆਰ ਵਜੋਂ ਵਰਤਿਆ ਗਿਆ। ਇਸ ਅਧੀਨ ਸਰਕਾਰੀ ਸੰਸਥਾਵਾਂ ਦਾ ਬਾਈਕਾਟ ਕੀਤਾ ਗਿਆ। ਇਸ ਦਾ ਮਕਸਦ ਜਿੱਥੇ ਸਵਦੇਸੀ ਸੰਸਥਾਵਾਂ ਅਤੇ ਸਵਦੇਸੀ ਪ੍ਰਬੰਧ ਨੂੰ ਉਭਾਰਨਾ ਸੀ ਉਥੇ ਇਸ ਦਾ ਦੂਸਰਾ ਮਕਸਦ ਬ੍ਰਿਟਿਸ਼ ਸਿਸਟਮ ਅਤੇ ਬ੍ਰਿਟਿਸ਼ ਆਰਥਿਕਤਾ ਨੂੰ ਸੱਟ ਮਾਰਨਾ ਸੀ। ਇਸ ਉਦੇਸ਼ ਦੀ ਪ੍ਰਾਪਤੀ ਲਈ ਹੇਠ ਲਿਖੇ ਪ੍ਰੋਗਰਾਮ ਨੂੰ ਅਪਣਾਇਆ ਗਿਆ-

(1) ਅੰਗ੍ਰੇਜ਼ ਦੇ ਸਕੂਲਾਂ ਤੇ ਸਿੱਖਿਆ ਦਾ ਬਾਈਕਾਟ ਕਰਨਾ।

(2) ਸਿੱਖਾਂ ਨੂੰ ਅੰਗ੍ਰੇਜ਼ ਦੀਆਂ ਕਚਹਿਰੀਆਂ ਵਿੱਚ ਨਾ ਜਾਣ ਲਈ ਕਿਹਾ ਗਿਆ।

(3) ਅੰਗ੍ਰੇਜ਼ ਦੀ ਡਾਕ ਵਿਰੁੱਧ ਆਪਣਾ ਦੇਸੀ ਡਾਕ ਮਹਿਕਮਾ ਸਥਾਪਿਤ ਕੀਤਾ ਗਿਆ ।

(4) ਵਿਦੇਸ਼ੀ ਕਪੜੇ ਤੋਂ ਪ੍ਰਹੇਜ਼ ਕਰਨਾ।

(5) ਬ੍ਰਿਟਿਸ਼ ਸਰਕਾਰ ਦੀ ਕੋਈ ਵੀ ਨੌਕਰੀ ਨਹੀਂ ਕਰਨੀ।

(6) ਅੰਗ੍ਰੇਜ਼ੀ ਸਰਕਾਰ ਤੋਂ ਛੁਟਕਾਰੇ ਦੇ ਸਜਗ, ਖ਼ਾਮੋਸ਼ ਤੇ ਅਹਿੰਸਕ ਯਤਨ ਕਰਨੇ।

ਨਾਮਧਾਰੀ ਭਾਈਚਾਰੇ ਲਈ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕਈ ਨਿਯਮ ਬਣਾਏ ਗਏ, ਜੋ ਨਾਮਧਾਰੀਆਂ ਲਈ ਸਮਾਜਿਕ ਅਤੇ ਧਾਰਮਿਕ ਤੌਰ ਤੇ ਜੁੜੇ ਹੋਏ ਹਨ। ਜਿਨਾਂ ਦੀ ਪਾਲਣਾ ਕਰਨਾ ਹਰ ਇੱਕ ਨਾਮਧਾਰੀ ਸਿੱਖ ਲਈ ਲਾਜ਼ਮੀ ਸੀ, ਇਹਨਾਂ ਵਿੱਚੋਂ ਪ੍ਰਮੁੱਖ ਨਿਯਮ ਹੇਠ ਲਿਖੇ ਹਨ:

(1) ਸਫ਼ੈਦ ਬਸਤਰ ਪਹਿਰਨੇ।

(ਬਸਤਰਾਂ ਦੀ ਕਾਟ ਅਸਲੋਂ ਨਵੇਕਲੀ ਮੁਕੱਰਰ ਕੀਤੀ।)

(2) ਅੰਮ੍ਰਿਤ ਵੇਲੇ ਜਾਗਣਾ, ਜੰਗਲ ਜਾ ਦਾਤਨ ਕਰਨੀ, ਸੁਣਕੇਸੀ ਇਸ਼ਨਾਨ ਕਰਨਾ। ਨਾਮ ਜਪਣਾ, ਬਾਣੀ ਪੜ੍ਹਨੀ।

(3) ਸਭ ਪਾਸਿਆਂ ਤੋਂ ਆਤਮ ਨਿਰਭਰ ਹੋਣਾ।

(4) ਗੜਵਾ, ਡੋਰੀ, ਆਸਣ, ਪਊਏ ਤੇ ਮਾਲਾ ਸਦਾ ਕੋਲ ਰਖਣੇ।

(5) ਜੰਮਣਾ, ਮਰਨਾ, ਵਿਆਹ ਸ਼ਾਦੀਆਂ ਨੂੰ ਸਾਦਾ ਤੇ ਸਮਾਜਿਕ ਨੇਮਾਂ ਅਨੁਸਾਰ ਕਰਨਾ।

(6) ਗਊ ਗਰੀਬ ਦੀ ਰੱਖਿਆ ਕਰਨੀ।

(7) ਹਰ ਦੇਸ਼ ਵਾਸੀ ਨੂੰ ਆਪਣਾ ਵੀਰ ਭੈਣ ਜਾਨਣਾ।

ਨਾਮਧਾਰੀਆਂ ਦੀ ਸਖਸ਼ੀਅਤ ਨੂੰ ਹੋਰ ਵੀ ਪ੍ਰਮਾਣਿਕਤਾ ਉਦੋਂ ਮਿਲ ਜਾਂਦੀ ਹੈ ਜਦੋਂ ਇਹਨਾਂ ਦਾ ਕੱਟੜ ਵਿਰੋਧੀ ਅੰਗਰੇਜ਼ ਵੀ ਇਹਨਾਂ ਦੇ ਸਖਸ਼ੀਅਤ ਦਸਦਾ ਹੋਇਆ ਇਹਨਾਂ ਦੇ ਗੁਣਾ ਦਾ ਜ਼ਿਕਰ ਕਰ ਜਾਂਦਾ ਹੈ:

ਡਿਪਟੀ ਕਮਿਸਨਰ ਲੁਧਿਆਣਾ ਪਰਕਿਨਜ਼ 1866 ਵਿੱਚ ਲਿਖਦਾ ਹੈ ਕਿ ਕੂਕਾ ਬਣਾਉਂਦੇ ਸਮੇਂ ਪਹਿਲਾਂ ਸਹੁੰ ਚੁਕਾਈ ਜਾਂਦੀ ਹੈ ਕਿ ਝੂਠ ਬੋਲਣ, ਚੋਰੀ ਕਰਨ, ਸ਼ਰਾਬ ਪੀਣ, ਵਿਭਚਾਰ ਕਰਨ ਆਦਿ ਜਿਹੀਆਂ ਸਾਰੀਆਂ ਬੁਰਾਈਆਂ ਤੋਂ ਸਖ਼ਤੀ ਨਾਲ ਦੂਰ ਰਿਹਾ ਜਾਵੇਗਾ। ਉਲੰਘਣਾ ਕਰਨ ਵਾਲੇ ਕੂਕਿਆਂ ਨੂੰ ਪੰਚਾਇਤ (ਕੂਕਾ ਪੰਚਾਇਤ) ਸ਼ਜਾ ਦਿੰਦੀ ਹੈ।

ਇਹਨਾਂ ਨੇਮਾਂ ਦੇ ਸਮਾਜ ਵਿੱਚ ਪ੍ਰਚਲਤ ਹੋ ਜਾਣ ਨਾਲ ਪੰਜਾਬ ਦੇ ਲੋਕਾਂ ਨੂੰ ਇੱਕ ਨਵੀਂ ਸ਼ਕਤੀ ਤੇ ਜਥੇਬੰਦਕ ਚੇਤਨਾ ਮਿਲੀ। ਨਾਮਧਾਰੀ ਲਹਿਰ ਨੂੰ ਖ਼ਤਮ ਕਰਨ ਲਈ ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿੱਤਾ। ਇਸ ਸੰਪ੍ਰਦਾ ਨੂੰ ਸੰਭਾਲਣ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਭਰਾ ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀਆਂ ਦੀ ਅਗਵਾਈ ਕੀਤੀ। ਹੁਣ ਇਸ ਸੰਪ੍ਰਦਾ ਦੇ ਮੌਜੂਦਾ ਮੁੱਖੀ ਸਤਿਗੁਰੂ ਉਦੇ ਸਿੰਘ ਜੀ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਸ ਸੰਪ੍ਰਦਾ ਨੇ ਦੇਸ਼ ਦੇ ਵਿਕਾਸ ਲਈ ਹਰ ਪੱਖ ਵਿੱਚ ਸਾਰਥਿਕ ਭੂਮਿਕਾ ਨਿਭਾਈ ਹੈ।

## ਪੁਸਤਕ ਸੂਚੀ


1. ਤਾਰਾ ਸਿੰਘ ਅਨਜਾਣ- ਸਭਹਨ ਕੇ ਸਿਰਮੌਰ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1998.

2 …………ਨਾਮਧਾਰੀ ਸੰਖੇਪ ਇਤਿਹਾਸ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 2005.

3 …………ਰਾਮ ਵਿਯੋਗੀਆਂ ਦੇ ਬਾਰਾਂਮਾਂਹ (ਸੰਪਾ.), ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1995.

4. ਏ. ਸੀ. ਅਰੋੜਾ- ਪੰਜਾਬ ਦੀਆਂ ਲੋਕ ਲਹਿਰਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

5. ਸਮਸ਼ੇਰ ਸਿੰਘ ਅਸ਼ੋਕ- ਪੰਜਾਬ ਦੀਆਂ ਲਹਿਰਾਂ, ਅਸ਼ੋਕ ਪੁਸਤਕਮਾਲਾ, ਪਟਿਆਲਾ, 1974.

6 …………ਪ੍ਰਾਚੀਨ ਵਾਰਾਂ ਤੇ ਜੰਗਨਾਮੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2006.

7. ਐਮ. ਐਲ. ਆਹਲੂਵਾਲੀਆ ਅਤੇ (ਡਾ.) ਕਿਰਪਾਲ ਸਿੰਘ - ਪੰਜਾਬ ਦੇ ਸੁਤੰਤਰਤਾ ਸੰਗਰਾਮੀਏ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1966.
8. ਨਿਧਾਨ ਸਿੰਘ ਆਲਿਮ - ਗੁਰੂ ਪਦ ਪ੍ਰਕਾਸ਼, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1999.
9 ...........ਜੁਗ ਪਲਟਾਊ ਸਤਿਗੁਰੂ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1998.
10 .........ਨਾਮਧਾਰੀ ਸਿਧਾਂਤ ਪ੍ਰਦਰਸ਼ਨ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1998.
11. ਗੁਰਦੇਵ ਸਿੰਘ ਸਿੱਧੂ- ਕੂਕਾ ਲਹਿਰ ਦੇ ਅਣਛੋਹੇ ਸੁਨਹਿਰੀ ਪੱਤਰੇ, ਲੋਕਗੀਤ ਪ੍ਰਕਾਸ਼ਨ, ਮੋਹਾਲੀ, 2017.
12 .........ਬੰਦੀ ਬੋਲ (ਸੰਪਾ), ਨੈਸ਼ਨਲ ਬੁੱਕ ਟਰੱਸਟ, ਇੰਡੀਆ, ਦਿੱਲੀ, 2007.
13. ਹਰਕਿਸ਼ਨ ਸਿੰਘ ਸੁਰਜੀਤ- ਬਰਤਾਨਵੀ ਸਾਮਰਾਜ ਵਿਰੋਧੀ ਲਹਿਰਾਂ: ਸੰਖੇਪ ਇਤਿਹਾਸ, ਆਜ਼ਾਦੀ ਲਹਿਰ, ਵਿਰਸਾ ਸੰਭਾਲ ਤੇ ਪ੍ਰਸਾਰ ਕੇਂਦਰ, ਚੰਡੀਗੜ੍ਹ, 2005.
14. ਕਿਰਪਾਲ ਸਿੰਘ ਕਸੇਲ- ਤਵਾਰੀਖ ਸੰਤ ਖਾਲਸਾ, ਆਰਸੀ ਪਬਲੀਸ਼ਰਜ਼, ਦਿੱਲੀ, 2006.
15. ਜਸਪਾਲ ਕੌਰ ਕਾਂਗ ਅਤੇ ਸੁਖਦੇਵ ਸਿੰਘ (ਸੰਪਾ)- ਸਤਿਗੁਰੂ ਰਾਮ ਸਿੰਘ ਅਤੇ ਕੂਕਾ ਲਹਿਰ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2021.
16 ............(ਸੰਪਾ)- ਕੂਕਾ ਅੰਦੋਲਨ: ਸਮਾਜ ਸਭਿਆਚਾਰਕ ਪਰਿਪੇਖ (ਸੰਪਾ), ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2009.
17. ਗਿਆਨ ਸਿੰਘ ਗਿਆਨੀ - ਨਾਮਧਾਰੀ ਸਿੱਖ-ਸੰਖੇਪ ਵਿਵਰਨ, ਮੈਨੇਜਰ ਸਤਿਜੁਗ, ਸਿਰਸਾ, 1988.
18. ਗੁਰਭੇਜ ਸਿੰਘ ਗੁਰਾਇਆ (ਸੰਪਾ) - ਕੂਕਾ ਲਹਿਰ: ਸਾਹਿਤ ਤੇ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2017.
19. ਡਾ. ਗੰਡਾ ਸਿੰਘ- ਕੂਕਿਆਂ ਦੀ ਵਿਥਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017.
20...ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.
21. ਜਸਵੰਤ ਸਿੰਘ ਜੱਸ- ਬਾਬਾ ਰਾਮ ਸਿੰਘ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1962.
22. ਡਾ. ਜੋਗਿੰਦਰ ਸਿੰਘ - ਉਨ੍ਹੀਵੀਂ ਸਦੀ ਦੇ ਸਿੱਖ ਆਗੂ ਅਤੇ ਸੰਸਥਾਵਾਂ, ਲੋਕਗੀਤ ਪ੍ਰਕਾਸ਼ਨ, ਮੋਹਾਲੀ 2021.
23.ਨਾਹਰ ਸਿੰਘ- ਨਾਮਧਾਰੀ ਇਤਿਹਾਸ (ਭਾਗ ਪਹਿਲਾ), ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, 1998.
24. ਸੰਤੋਖ ਸਿੰਘ ਬਾਹੋਵਾਲ - ਸਤਿਗੁਰੂ ਬਿਲਾਸ, (ਸੰਪਾ. ਜਸਵਿੰਦਰ ਸਿੰਘ), ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 2002.
25. ਫੌਜਾ ਸਿੰਘ ਬਾਜਵਾ- ਕੂਕਾ ਅੰਦੋਲਨ, (ਅਨੁ. ਕੁਲਦੀਪ ਸਿੰਘ), ਸੈਂਟਰਲ ਯੂਨੀਵਰਸਿਟੀ ਆੱਫ ਪੰਜਾਬ, ਬਠਿੰਡਾ, 2023.
26. ਸੁਵਰਨ ਸਿੰਘ ਵਿਰਕ- ਕੂਕਾ ਲਹਿਰ ਦਾ ਪੰਜਾਬੀ ਸਾਹਿਤ, ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ, ਸ੍ਰੀ ਭੈਣੀ ਸਾਹਿਬ, 2009.
27......ਕੂਕਾ ਲਹਿਰ ਦੇ ਅਮਰ ਨਾਇਕ (ਭਾਗ ਪਹਿਲਾ), ਲੋਕਗੀਤ ਪ੍ਰਕਾਸ਼ਨ, ਮੋਹਾਲੀ, 2017.
28......ਕੂਕਾ ਲਹਿਰ ਦੇ ਅਮਰ ਨਾਇਕ (ਭਾਗ ਦੂਜਾ), ਲੋਕਗੀਤ ਪ੍ਰਕਾਸ਼ਨ, ਮੋਹਾਲੀ, 2019.

.........................................................

## ਸ਼ਬਦ ਤੇ ਚੀਜ਼ਾਂ

**ਨਵਤੇਜ ਭਾਰਤੀ**

ਮੈਂ ਤੈਨੂੰ ਓਨਾਂ ਕੁ ਵੇਖਦਾ ਹਾਂ
ਜਿੰਨਾਂ ਸ਼ਬਦ ਵਿਖਾਉਂਦੇ ਹਨ
ਓਨਾ ਕੁ ਜਾਣਦਾ ਹਾਂ
ਜਿੰਨਾ ਉਹ ਜਣਾਉਂਦੇ ਹਨ
ਤੂੰ ਉਹੀ ਬੋਲਦੀ ਹੈਂ
ਜੋ ਸ਼ਬਦ ਬੋਲਣ ਦਿੰਦੇ ਹਨ
ਤੇ ਮੈਂ ਉਹੀ ਸੁਣਦਾ ਹਾਂ

ਅਸੀਂ ਸ਼ਬਦਾਂ ਦੇ
ਹੀ ਖਿਡਾਉਣੇ ਹਾਂ
ਇਕ ਦੂਜੇ ਨਾਲ ਖੇਡਦੇ
ਸ਼ਬਦ ਅਸੀਂ ਆਪ ਘੜੇ ਹਨ
ਹੁਣ ਸ਼ਬਦ ਸਾਨੂੰ ਘੜ ਰਹੇ ਹਨ।

.........................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਇੰਨੇ ਚਿਰ ਨੂੰ ਕਥਕ ਮਾਸਟਰ ਸ੍ਰੀ ਦੁਰਗਾਲਾਲ ਆ ਗਏ ਉਸਨੇ ਚਰਨ ਬੰਦਨਾ ਕੀਤੀ ਅਤੇ ਸਤਿਗੁਰੂ ਜੀ ਉਸਨੂੰ ਆਪਣੇ ਆਰਾਮ ਕਮਰੇ ਵਿੱਚ ਲੈ ਗਏ। ਜਿੱਥੇ ਘੱਟੋ-ਘੱਟ ਇੱਕ ਘੰਟਾ ਤਾਂ ਉਸ ਨਾਲ ਬਿਤਾਇਆ ਫਿਰ ਕਿਸੇ ਨੇ ਦੱਸਿਆ ਕਿ ਪੰਡਿਤ ਜੀ ਕੱਥਕ ਪਾਉਣੀਆਂ ਸਵਾਈਆਂ ਮਾਤਰਾ ਨੂੰ ਤੁਰਤ-ਫੁਰਤ ਪ੍ਰਸਤੁਤ ਕਰਨ ਵਿੱਚ ਇੱਛੁਕ ਹਨ। ਉਨਾਂ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਜੀ ਪੌਣੀਆਂ 14, ਪੌਣੀਆਂ ਮਾਤਰਾ 15 ਮਾਤਰਾ ਤੇ ਛੰਦ ਬਣਾ ਕੇ ਦੇਣ ਜਿਸ ਵੇਲੇ ਅੰਦਰ ਮਾਤਰਾ ਗਿਣਨ ਚੱਲ ਰਿਹਾ ਸੀ। ਬਾਹਰ ਕੋਈ ਡੋਰ ਵਿੱਚ ਸੰਤ ਰਤਨ ਸਿੰਘ ਸੰਤ ਮੇਲਾ ਸਿੰਘ ਅਤੇ ਸੰਤ ਰਤਨ ਸਿੰਘ ਜੀ ਦੇ ਪੁੱਤਰ ਸ. ਬਲਦੇਵ ਸਿੰਘ ਸ੍ਰੀ ਗੁਰਬਖਸ਼ ਸਿੰਘ ਭੁੱਚੀ, ਸ੍ਰੀ ਸੁਰਿੰਦਰ ਸਿੰਘ ਅਤੇ ਹੋਰ ਕਈ ਸੰਤ ਤਰਸੇਮ ਸਿੰਘ ਪਾਸ ਆਨ ਖਲੋਤੇ ਥੋੜੇ ਚਿਰ ਪਿੱਛੋਂ ਸ. ਸਾਧੂ ਸਿੰਘ ਅਤੇ ਸ. ਮਨਵਿੰਦਰ ਸਿੰਘ ਲੱਕੀ ਜਲੰਧਰ ਵਾਲੇ ਵੀ ਆਪ ਪਹੁੰਚੇ ਲੱਕੀ ਦੀ ਮਾਤਾ ਤੇ ਭੈਣ ਨੂੰ ਸਤਿਗੁਰੂ ਜੀ ਦੇ ਬੈਠਣ ਕਮਰੇ ਵਿੱਚ ਬਹਾ ਦਿੱਤਾ ਗਿਆ।

ਸ. ਸਾਧੂ ਸਿੰਘ ਨੂੰ ਵੇਖਦਿਆਂ ਹੀ ਸੰਤ ਰਤਨ ਸਿੰਘ ਬਾਂਦਰ ਖੂਹੀ ਵਾਲਾ ਆ ਜੱਫੀ ਪਾਈ ਮਿਲਿਆ ਤੇ ਕਹਿਣ ਲੱਗਾ ਦੂਜਿਆਂ ਨੂੰ ਸੁਣਾ ਕੇ ਇਹ ਉਹ ਸਾਧੂ ਹੈ ਜਿਸ ਦੇ ਅਪਾਰ ਰਸੂਖ ਨਾਲ ਜਲੰਧਰ ਵਿੱਚ ਬੱਧੀ ਛੁੱਟਦੀ ਸੀ। ਇੱਕ ਗਊ ਦੋਖੀ ਨੂੰ ਕਤਲ ਕਰਨੇ ਇੱਕ ਸਿੰਘ ਸੱਚੇ ਸੱਚੇ ਬਿਆਨ ਦੇ ਕੇ ਜੇਲ੍ਹ ਚਲਾ ਗਿਆ। ਰਜਿਸਟਰਾਰ ਨੇ ਉਸਨੂੰ ਫਾਹੇ ਦੀ ਸਜ਼ਾ ਸੁਣਾ ਦਿੱਤੀ। ਜਦੋਂ ਸ. ਸਾਧੂ ਸਿੰਘ ਨੂੰ ਪਤਾ ਲੱਗਾ ਤਾਂ ਇਸ ਨੇ ਸੈਸ਼ਨ ਕੋਰਟ ਵਿੱਚ ਸ੍ਰੀ ਜੈਨ ਦੀ ਸਹਾਇਤਾ ਨਾਲ ਉਸਨੂੰ ਬਰੀ ਕਰਵਾ ਦਿੱਤਾ। ਬੱਲੇ ਬੱਲੇ ਕੀ ਰੀਸਾਂ ਨੇ ਸ. ਸਾਧੂ ਸਿੰਘ ਦੀਆਂ!

ਇਹ ਸਾਰੀ ਵਾਰਤਾ ਬੜੀ ਦਿਲਚਸਪ ਤੇ ਸੰਭਾਲਣ ਯੋਗ ਹੈ ਫਿਰ ਕਦੀ ਲਿਖਾਂਗਾ।

ਸ੍ਰੀ ਸਤਿਗੁਰੂ ਜੀ ਬਾਹਰ ਆਏ ਤਾਂ ਪਰਸਪਰ ਸਥਿਤੀ ਵਿੱਚ ਹੋਏ ਦੋਵਾਂ ਭਰਾਵਾਂ ਗੁਰਬਖਸ਼ ਸਿੰਘ ਭੁੱਚੀ ਤੇ ਸੁਰਿੰਦਰ ਸਿੰਘ ਨੂੰ ਬੁਲਾ ਕੇ ਭੁੱਚੀ ਹੱਥੋਂ ਕੁੰਜੀਆਂ ਦਵਾ ਦਿੱਤੀਆਂ। ਦੋਵੇਂ ਚਰਨੀ ਲੱਗੇ ਸਤਿਗੁਰੂ ਜੀ ਨੇ ਦੋਹਾਂ ਨੂੰ ਸ਼ਾਂਤੀ ਦੇ ਸਦਭਾਵਨਾ ਤੋਂ ਉਪਦੇਸ਼ ਦਿੱਤਾ ਅਜੇ 15 ਮਿੰਟ ਪਹਿਲਾਂ ਮੈਂ ਭੁੱਚੀ ਨੂੰ ਆਪਣੇ ਭਰਾ ਦੇ ਖਿਲਾਫ ਚੰਗਾ ਮੰਦਾ ਬੋਲਦਿਆਂ ਸੁਣਿਆ ਸੀ ਪਰ ਸਤਿਗੁਰੂ ਜੀ ਨੇ ਬਚਨ ਅੱਗੇ ਮੈਂ ਉਸ ਨੂੰ ਚੂੰ ਨਹੀਂ ਕਰਦਿਆ ਸੁਣਿਆ।

ਫਿਰ ਸੱਚੇ ਪਾਤਸ਼ਾਹ ਜੀ ਸ. ਸਾਧੂ ਸਿੰਘ ਅਤੇ ਲੱਕੀ ਨੂੰ ਆਪਣੇ ਬੈਠਣ ਕਮਰੇ ਵਿੱਚ ਲੈ ਗਏ। 10 ਮਿੰਟ ਇਹਨਾਂ ਨਾਲ ਲਾਏ।

ਬਾਹਰ ਆਏ ਤਾਂ ਉਸਤਾਦ ਹਰਿਭਜਨ ਸਿੰਘ ਨਾਲ ਗੁਰਦੇਵ ਸਰੋਤ ਦੀ ਪਤਨੀ ਗੁਰਮੀਤ ਕੌਰ ਆ ਚਰਨੀ ਲੱਗੀ। ਇਸ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ ਸੀ ਇਸ ਨੂੰ ਅਤੇ ਮੈਨੂੰ ਬੈਠਣ ਕਮਰੇ ਵਿੱਚ ਬੁਲਾਇਆ ਗਿਆ। ਸ੍ਰੀ ਸਤਿਗੁਰੂ ਜੀ ਸੋਫਾ ਕੁਰਸੀ ਤੇ ਬੈਠ ਸਾਨੂੰ ਕੋਲ ਗਲੀਚੇ ਤੇ ਬਿਠਾ ਗੁਰਦੇਵ ਸਿੰਘ ਦੇ ਵਿਲਾਇਤ ਜਾਣੋ ਰੋਕ ਦਾ ਕਾਰਨ ਦੱਸਿਆ ਅਤੇ ਸਪਸ਼ਟ ਕੀਤਾ ਕਿ ਮੱਤੂ ਦੀ ਵਹੁਟੀ ਮਤੂ ਨੂੰ ਕਹਿੰਦੀ ਹੈ ਮੈਂ ਗੁਰਦੇਵ ਬਿਨਾਂ ਨਹੀਂ ਰਹਿ ਸਕਦੀ। ਅਜਿਹੀ ਹਾਲਤ ਵਿੱਚ ਮੱਤੂ ਦੇ ਸਬੰਧੀ ਅਤੇ ਭਰਾ ਗੁਰਦੇਵ ਤੇ ਬਹੁਤ ਕ੍ਰੋਧ ਰੱਖਦੇ ਹਨ ਮੈਂ ਨੁਕਸਾਨੋ ਡਰਦਾ ਹਾਂ।

ਸਤਿਗੁਰੂ ਜੀ ਨੇ ਇਸ ਮਸਲੇ ਨਾਲ ਬਹੁਤ ਸਾਰੇ ਬਚਨ ਕਰ ਗੁਰਦੇਵ ਸਿੰਘ ਦੀ ਪਤਨੀ ਨੂੰ ਪੁੱਛਿਆ ਕਿ ਉਹ

ਵਿਲਾਇਤ ਜਾਨੋ ਰੁਕ ਨਹੀਂ ਸਕਦਾ ਤੇ ਗੁਰਮੀਤ ਕੌਰ ਨੇ ਨੀਵੀਂ ਪਾ ਕੇ ਉਸਤਾਦ ਅਮਜਦ ਅਲੀ ਉਨਾਂ ਦੀ ਪਤਨੀ ਤੇ ਇਹਨਾਂ ਦੇ ਹੁਕਮਾਂ ਦੇ ਸਾਰੇ ਵੇਰਵੇ ਦੱਸ ਕੇ ਤੇ ਫਿਰ ਕਿਸੇ ਨੇ ਧਿਆਨ ਕੀਤਾ ਰੋਟੀ ਕਿੱਥੋਂ ਖਾਈ ਏ?

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਉਸਨੂੰ ਜਾਣੋ ਤਾਂ ਨਹੀਂ ਰੋਕਦਾ ਪਰ ਦੱਸੋ ਸਾਲ ਦਾ ਉਹ ਕਿੰਨਾ ਕਮਾ ਲਿਆਉਂਦਾ ਹੈ?

ਗੁਰਮੀਤ: ਜੀ 50 ਹਜਾਰ ਤਾਂ ਇਸ ਦੇਸ਼ ਵਿੱਚ ਲੈ ਹੀ ਆਉਂਦਾ ਹੈ।

ਸਤਿਗੁਰੂ ਜੀ: ਇਨਾ ਸਾਲ ਦਾ ਮਿਲ ਜਾਣਾ ਫਿਰ ਠੀਕ ਹੈ?

ਗੁਰਮੀਤ: ਦੀਨ ਦਿਆਲ ਘਰ ਵੀ ਤਾਂ ਚਾਹੀਦਾ ਹੈ, ਇੰਨੇ ਨਾਲ ਤਾਂ ਘਰ ਦਾ ਖਰਚਾ ਹੀ ਚੱਲਦਾ ਹੈ।

ਸਤਿਗੁਰੂ ਜੀ: ਹੋਰ ਕਿੰਨਾ ਕੁ ਕਮਾ ਸਕੇਗਾ?

ਗੁਰਮੀਤ: ਜੀ 75 ਹਜਾਰ ਤੱਕ ਤਾਂ ਕਮਾਉਂਦਾ ਹੀ ਹੈ। ਮਕਾਨ ਵਾਲੇ ਸਾਨੂੰ ਟਿਕਣ ਨਹੀਂ ਦਿੰਦੇ ਰੋਜ਼ ਕਹਿੰਦੇ ਹਨ ਨਿਕਲੋ ਨਿਕਲੋ।

ਸਤਿਗੁਰੂ ਜੀ: ਜੇ 75 ਹਜਾਰ ਕਮਾਉਂਦਾ ਹੈ ਤਾਂ ਖਰਚ ਵੀ ਵਿਲਾਇਤ ਦਾ ਥੋੜ੍ਹਾ ਨਹੀਂ ਮਕਾਨ ਤੁਹਾਨੂੰ ਮੈਂ ਰਹਿਣ ਨੂੰ ਦਿੱਤਾ ਹੈ। ਮੈਂ ਤਾਂ ਮਕਾਨ ਬਣਾ ਕੇ ਦੇਣ ਨੂੰ ਵੀ ਸੋਚਦਾ ਹਾਂ, ਪਰ ਇਸ ਵੇਲੇ ਮੈਂ 40 ਲੱਖ ਦੇ ਥੱਲੇ ਹਾਂ, ਨਹੀਂ ਤਾਂ ਇਹ ਵੀ ਗੱਲ ਹੋ ਜਾਂਦੀ। ਸਾਡੀ ਕੋਸ਼ਿਸ਼ ਤਾਂ ਇਹੋ ਹੈ ਕਿ ਕਿਸੇ ਤਰ੍ਹਾਂ ਗੁਰਦੇਵ ਦਾ ਨੁਕਸਾਨ ਨਾ ਹੋਵੇ। ਤਾਂ ਵੀ ਹਿਸਾਬ ਲਾ ਕੇ ਦੱਸੋ ਕਿ ਕਿੰਨੇ ਕੁ ਨਾਲ ਸਰੇਗਾ ਦੋਹਾਂ ਦਾ, ਹਰਭਜਨ ਦਾ ਵੀ ਨਾਲੇ ਹੀ।

ਗੁਰਮੀਤ: ਸੱਚੇ ਪਾਤਸ਼ਾਹ ਜੀ ਤੁਹਾਡੇ ਤੋਂ ਕਾਹਦਾ ਲੁਕਾਅ, ਹਰਭਜਨ ਸਿੰਘ ਵੀ ਵਿਲਾਇਤ ਜਾਣ ਨੂੰ ਫਿਰਦਾ ਹੈ। ਉਸਤਾਦ ਜੀ ਨੇ ਜੂਨ ਵਿੱਚ ਜਾਣਾ ਹੈ ਉਸ ਨਾਲ ਤਾਨਪੂਰਾ ਛੇੜਨ ਵਾਲਾ ਬਣ ਕੇ ਜਾਵੇਗਾ।

ਸਤਿਗੁਰੂ ਜੀ: ਜਾ ਕੇ ਆ ਜਾਣ ਤਾਂ ਕੋਈ ਗੱਲ ਨਹੀਂ। ਅਸਲ ਤਾਂ ਬਦਨਾਮੀ ਅਤੇ ਹੋਰ ਕਿਸੇ ਨੁਕਸਾਨ ਤੋਂ ਡਰਦੇ ਹਾਂ।

ਇਸ ਗੱਲਬਾਤ ਵਿੱਚ ਮੈਂ ਵੀ ਕਦੇ ਨਾ ਕਦੇ ਸਬੰਧਿਤ ਮਸਲੇ ਤੇ ਬੋਲ ਪੈਂਦਾ ਜਦੋਂ ਅਸੀਂ ਉੱਠੇ ਤਾਂ ਸਤਿਗੁਰੂ ਜੀ ਨੇ ਗੁਰਮੀਤ ਕੌਰ ਦੇ ਬਾਹਰ ਗਿਆ ਪੁੱਛਿਆ: ਕੁੱਲ ਖਰਚੇ ਸਲਾਨਾ ਦਾ ਐਸਟੀਮੇਟ ਕਰੋ।

ਜਦੋਂ ਸਤਿਗੁਰੂ ਜੀ ਨੇ ਕੁਝ ਹੋਰ ਬਾਹਰ ਜੁੜੇ ਵਿਅਕਤੀਆਂ ਦੀਆਂ ਨਮਸਕਾਰਾਂ ਪ੍ਰਵਾਨ ਕੀਤੀਆਂ ਤੇ ਗੱਲਬਾਤ ਹੋਈ ਤਾਂ ਸਤਿਗੁਰੂ ਜੀ ਇਸ਼ਨਾਨ ਕਰਨ ਨੂੰ ਕਾਹਲੇ ਜਾਪੇ ਮੈਂ ਫੇਰ ਪੰਜ ਸੱਤ ਮਿੰਟ ਮੰਗ ਲਏ ਅਜੋਕੇ ਨਾਮਧਾਰੀ ਲਿਖਿਆ ਲੇਖ ਮੈਂ ਸਤਿਗੁਰੂ ਜੀ ਨੂੰ ਸੁਣਾਇਆ ਇਹਨੇ ਵਿੱਚ ਕੋਈ ਸਰੀਰ ਆਇਆ ਮੈਂ ਉਸ ਵੱਲ ਨਹੀਂ ਵੇਖਿਆ ਉਸਨੇ ਮੱਥਾ ਟੇਕੇ 100 ਰੁਪਏ ਵਲ ਮੇਰੀ ਨਜ਼ਰ ਗਈ।

ਸਤਿਗੁਰਾਂ ਉਸ ਨੂੰ ਆਖਿਆ: ਉਠਾ ਕੇ ਲੈ ਜਾ ਤੇ ਪੂਰਬੇ ਨੂੰ ਦੇਦੇ। ਤੇ ਮੈਨੂੰ ਦੱਸਿਆ: ਸਕੱਤਰ ਆਇਆ ਹੈ।

ਸਕੱਤਰ ਤਰਸੇਮ ਸਿੰਘ ਨੇ ਹੋਰ ਵੀ ਅਰਜਾਂ ਕਰਨ ਵਾਲਿਆਂ ਨੂੰ ਭੁਗਤਾਇਆ।

ਸੇਠ ਤਰਸੇਮ ਸਿੰਘ ਤੇ ਸੰਤ ਨਗਰ ਜੀਵਨ ਨਗਰ ਦੀ ਐਗਜੀਕਿਊਟਿਵ ਪਾਰਟੀ ਵੀ ਬੈਂਕੋਕ ਜਾ ਰਹੀ ਹੈ। ਉਪਰੰਤ ਮੈਂ ਘਰੇ ਆ ਗਿਆ।

## 27-4- 1987 ਸੋਮਵਾਰ
## ਨਵੀਂ ਦਿੱਲੀ

ਮੈਂ ਪੂਸਾ ਰੋਡ ਜਾਣ ਲਈ ਰਾਜੋਰੀ ਗਾਰਡਨ ਦੇ ਅੰਦਰਲੇ ਪਾਸੇ ਤੇ ਖਲੋਤਾ ਸਾਂ 9 ਕੁ ਵਜੇ 25-28 ਸਾਲ ਦਾ ਇਕ ਨਾਮਧਾਰੀ ਜੁਆਨ ਮੇਰੇ ਪਾਸ ਸਕੂਟਰ ਖਲ੍ਹਾਰ ਕੇ ਪੁੱਛਣ ਲੱਗਾ, ਕਿੱਥੇ ਜਾ ਰਹੇ ਹੋ, ਮੈਂ ਛੱਡ ਆਵਾਂ! ਮੇਰਾ ਸਵਾਲ ਸੀ: ਕਾਕਾ ਤੂੰ ਕਿੱਥੇ ਜਾ ਰਿਹੈ? ਇਹੋ ਜੀ ਬਸ ਕੀਰਤੀ ਨਗਰ! ਤਾਂ ਲੈ ਚੱਲ ਮੈਂ ਕੀਰਤੀ ਨਗਰੋਂ ਬਹੁਤੀਆਂ ਬਸਾਂ ਫੜ ਲਵਾਂਗਾ।

ਮੇਰੇ ਪਾਸ ਕਿਸੇ ਨੂੰ ਸਮਝਣ ਦਾ ਇਹੋ ਕੀਮਤੀ ਸਮਾਂ ਹੁੰਦਾ ਜਾਂ ਜੇ ਵਕਤ ਹੋਵੇ ਤਾਂ ਜਲਪਾਨ ਦੇ ਬਹਾਨੇ ਬੈਠ ਕੇ ਗੱਲਾਂ ਕਰ ਤੇ ਸਮਝ ਲਈ ਦੀਆਂ ਹਨ। ਚਲਦੇ-ਚਲਦੇ ਗੱਲਬਾਤ ਇੰਝ ਸ਼ੁਰੂ ਹੋਈ।

"ਕੀ ਨਾਮ ਏ ਕਾਕਾ ਤੇਰਾ?"

"ਜੀ, ਕੁਲਦੀਪ ਸਿੰਘ।"

"ਪਿਤਾ ਦਾ ਨਾਮ?"
"ਜੁਗਿੰਦਰ ਸਿੰਘ"
"ਸਰਾਜ ਵਾਲਾ"
"ਨਹੀਂ ਜੀ ਗੁਰਦਾਸਪੁਰੀਆ!"

ਤੇ ਫਿਰ ਉਸਤੋਂ ਪਤਾ ਲੱਗਾ ਕਿ ਉਹ ਨਵੀਂ ਫਰਨੀਚਰ ਦੀ ਦੁਕਾਨ ਖੋਲ੍ਹਣ ਲੱਗੇ ਹਨ। ਉਹਦੀ ਜਵਾਬੀ: ਵੇਖੋ ਜੀ, ਸਾਡੇ ਤੇ ਤਾਂ ਸਤਿਗੁਰਾਂ ਕਿਰਪਾ ਕੀਤੀ ਏ। ਨਹੀਂ ਤਾਂ ਅਸੀਂ ਗਰੀਬੀ ਵਿੱਚ ਬੁਰੀ ਤਰ੍ਹਾਂ ਖੁਭੇ ਹੋਏ ਸਾਂ। ਤੁਸੀਂ ਏਥੋਂ ਹੀ ਅੰਦਾਜਾਂ ਲਾ ਲਓ ਕਿ ਸਾਡੇ ਪਰਿਵਾਰ ਦੀ ਰੋਟੀ ਕਰਜ਼ ਲੈ ਕੇ ਹੀ ਚਲਦੀ ਸੀ। ਸਾਡਾ ਘਰ ਸੰਤ ਪੁਰੇ ਵਿੱਚ ਹੈ ਤਿਲਕ ਨਗਰ ਪਾਸ ਕੋਈ ਛੇ ਸਾਲ ਹੋਏ। ਇੱਕ ਦਿਨ ਸਵੇਰੇ ਸਾਡੇ ਗੁਆਂਢੀਆ ਦੇ ਘਰ ਸੱਚੇ ਪਾਤਸ਼ਾਹ ਚਰਨ ਪਾਉਣ ਆਏ। ਸਾਡੀ ਅਰਜ਼ ਤੋਂ ਬਿਨਾਂ ਹੀ ਸਾਡੇ ਘਰ ਵੀ ਆ ਗਏ ਅਤੇ ਸਾਡੇ ਪਾਸ ਇੱਕ ਮੈਲੀ ਚੱਦਰ ਵਿਛਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਭੈੜੇ ਜਿਹੇ ਮੰਜੇ ਤੇ ਗੰਦੀ ਜਿਹੀ ਚਾਦਰ। ਘਰ ਤੇ ਜਿਵੇਂ ਦੀਨ ਦਿਆਲ ਅੱਜ ਬਖਸ਼ਸ਼ ਕਰਨ ਤੇ ਹੀ ਤੁਲੇ ਹੋਣ।

ਥੋੜਾ ਚਿਰ ਰੁਕ ਕੇ ਸਤਿਗੁਰਾਂ ਮੇਰੇ ਪਿਤਾ ਜੀ ਨੂੰ ਪੁੱਛਿਆ: ਕੀ ਕਰਦੇ ਹੁੰਦੇ ਹੋ? ਪਿਤਾ ਜੀ ਦੀ ਅੱਖੀਆਂ ਤੇ ਅਰੋਗੀ ਵਾਤਾਵਰਣ ਨੇ ਅਗਾਂਹ ਗੱਲ ਤੁਰਨ ਹੀ ਨਾ ਦਿੱਤੀ। ਸਤਿਗੁਰੂ ਜੀ ਬਚਨ ਕੀਤਾ: ਜੁਗਿੰਦਰ ਸਿੰਘ ਇੱਕ ਮਾਲਾ ਭਜਨ ਤੇ ਇੱਕ ਭਗੋਤੀਆਂ ਦੀ ਫੇਰ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਅਰਜ਼ ਕਰਿਆ ਕਰ। ਭਜਨ ਤਾਂ ਪਿਤਾ ਜੀ ਪਹਿਲਾਂ ਵੀ ਕਰਿਆ ਕਰਦੇ ਸਨ ਪਰ ਇਹ ਤਾਂ ਕਰਾਮਾਤ ਕਰਨ ਵਲਾ ਹੁਕਮ ਸੀ।

ਸੰਤ ਜੀ ਸਤਿਗੁਰਾਂ ਦਾ ਬਚਨ ਦੂਜੇ ਦਿਨ ਹੀ ਰੰਗ ਲੈ ਆਇਆ। ਸੰਤ ਪ੍ਰੀਤਮ ਸਿੰਘ ਬਾਲੀ ਨਗਰ ਆਪਣੇ ਭਣੇਵੇਂ ਨੂੰ ਮੁਸਲਮਾਨ ਦੇਸਾਂ ਵਿੱਚ ਕੰਮ ਤੇ ਲੁਆਣ ਸਾਡੇ ਗੁਆਂਢ ਆਇਆ। ਉਹ ਘਰ ਤਾਂ ਮਿਲਿਆ ਨਾ ਤਾਂ ਉਹ ਸਾਡੇ ਘਰ ਆਣ ਵੜਿਆ। ਮੇਰੇ ਪਿਤਾ ਜੀ ਦੀ ਜਾਣਕਾਰੀ ਲੈ ਕੇ ਕਹਿਣ ਲੱਗੇ: ਮੈਂ ਤਾਂ ਉਹਦੇ ਵਾਸਤੇ ਆਇਆ ਸੀ ਪਰ ਤੁਸੀਂ ਵੀ ਕਾਫ਼ੀ ਥੁੜੇ ਹੋਏ ਲੱਗਦੇ ਹੋ, ਜੇ 3000/- ਦਾ ਪ੍ਰਬੰਧ ਕਰ ਲਓ ਤਾਂ ਤੁਹਾਨੂੰ ਆਬੂਧਾਬੀ, ਡੁਬਈ ਵਗੈਰਾ ਵਿਚ ਭੇਜ ਦੇਈਏ। ਮੇਰੇ ਪਿਤਾ ਜੀ ਨੇ ਸੱਚੀ ਗੱਲ ਕੀਤੀ: ਸੰਤ ਜੀ ਏਥੇ ਖਾਣ ਦੇ ਲਾਲੇ ਪਏ ਹੋਏ ਨੇ ਤੁਸੀਂ 3000/- ਖਰਚਣ ਦਾ ਬਚਨ ਦਿੱਤਾ ਕਿ ਬਾਹਰੋਂ ਕਮਾਈ ਕਰਕੇ ਘਰ ਆਓਗੇ ਤਾਂ ਵਾਪਸ ਕਰ ਦੇਣੇ। ਸਤਿਗੁਰਾਂ ਦੀ ਕਿਰਪਾ ਨਾਲ ਪ੍ਰੀਤਮ ਸਿੰਘ ਹੁਰਾਂ ਦੇ ਯਤਨ ਸਦਕਾ ਮੇਰੇ ਪਿਤਾ ਜੀ ਬਾਹਰ ਚਲੇ ਗਏ। ਪਿਛੋਂ ਮੇਰਾ ਫਰਨੀਚਰ ਦਾ ਕੰਮ ਚਲ ਪਿਆ। ਦਿਨਾਂ ਵਿੱਚ ਵਾਰੇ ਨਿਆਰੇ ਹੋ ਗਏ। ਪਿਤਾ ਜੀ ਆਏ ਤਾਂ ਅਸਾਂ ਦੋ ਪਲਾਟ ਜਮੀਨ ਲਈ ਅਤੇ ਫੇਰ ਮੈਂ ਬਾਹਰ ਚਲਾ ਗਿਆ, 5 ਸਾਲ ਖੂਬ ਮਿਹਨਤ ਤੇ ਚੋਖੀ ਕਮਾਈ ਕੀਤੀ।

ਹੁਣ ਪਰਸੋਂ ਸੱਚੇ ਪਾਤਸ਼ਾਹ ਜੀ ਦੇ ਆਪਣੀ ਨਵੀਂ ਦੁਕਾਨ ਤੇ ਚਰਨ ਪੁਆਏ। ਆਪ ਜੀ ਨੇ ਆਪਣੇ ਮੁਖਾਰਬਿੰਦ ਚੋਂ ਨਾਮ ਰੱਖਿਆ: ਦਿੱਲੀ ਫਰਨੀਚਰ ਵਰਕਸ। ਇਹ ਸਭ ਸਤਿਗੁਰੂ ਜੀ ਦੇ ਚਰਨਾਂ ਦੀ ਬਰਕਤ ਹੈ। ਬਾਂਹ ਪਕੜ ਕੱਢ ਲੀਨੇ ਆਪਣੇ ਵਾਲੀ ਗੱਲ ਬਣ ਗਈ ਜੇ। ਸਾਨੂੰ ਤਾਂ ਪ੍ਰਤੱਖ ਪ੍ਰਮਾਣ ਮਿਲ ਗਿਆ ਹੈ ਕਿ ਮਾਇਆ ਤਾਂ ਸਤਿਗੁਰਾਂ ਦੇ ਚਰਨਾਂ ਦੀ ਦਾਸੀ ਹੈ, ਜਿਹਨੂੰ ਚਾਹੁਣ ਦੇ ਦੇਣ।

ਅਤੇ ਨੌਜੁਆਨ ਮੈਨੂੰ ਮੋਤੀ ਨਗਰ ਬੱਸ ਸਟਾਪ ਤੇ ਲਾਹ ਗਿਆ।

## 30 ਅਪ੍ਰੈਲ 1987, ਵੀਰਵਾਰ

## ਜਲੰਧਰ

ਮੈਂ ਕੱਲ੍ਹ ਦਾ ਦੋਹਤੀ ਸਰਬਜੀਤ ਨੂੰ ਲੈ ਕੇ ਕੰਗ ਅਰਾਈਆਂ ਦੇ ਆਣ ਉਤਰਿਆ ਸਾਂ। ਅੱਜ ਸਵੇਰੇ ਹੀ ਬੀਤੇ ਦੀਆਂ ਪੈੜਾਂ ਵੇਖਣ ਜਲੰਧਰ ਜਗਦੀਸ਼ ਸਿੰਘ ਨੇ ਆਣ ਉਤਰਿਆ। ਮੇਰਾ ਕੰਮ ਕੋਈ ਨਹੀਂ ਸੀ ਹੋਇਆ।

ਜਗਦੀਸ਼ ਪਤਨੀ ਬਖ਼ਸ਼ੀਸ਼ ਨੇ ਦੱਸਿਆ: ਉਹ ਤਾਂ ਅਜੇ ਜੰਮੂਓਂ ਹੀ ਕੱਲ ਆਏ ਹਨ। ਸੰਤ ਜਗਤ ਸਿੰਘ ਜੀ ਜੰਮੂ ਦੇ ਭੋਗ ਵਾਸਤੇ ਅਸੀਂ ਦੋਵੇਂ ਜੀ ਜੰਮੂ ਗਏ ਸਾਂ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

15. ਉਜਾਗਰ ਸਿੰਘ ਗੁਲਾਲੀਪੁਰ (ਅੰਮ੍ਰਿਤਸਰ)
16. ਵਰਿਆਮ ਸਿੰਘ ਦਾੜ੍ਹੀ (ਵਰਨ, ਜ਼ਿਲਾ ਸ਼ੇਖੂਪੁਰਾ)
17. ਸੁਰੈਣ ਸਿੰਘ ਗਿੜਧੀ, (ਵਰਨ)
18. ਹਰਨਾਮ ਸਿੰਘ ਕਾਰੀਗਰ ਪਿੰਡ ਟੁੰਡੇ (ਗੁਜਰਾਂਵਾਲਾ)
19. ਜੱਸਾ ਸਿੰਘ ਮਜ਼ੵਬੀ ਅਤੇ 10-12 ਹੋਰ ਸਿੰਘ ਸਨ। ਨਾਮ ਯਾਦ ਨਹੀਂ।

ਊਠਾਂ ਵਾਲੇ ਸਿੰਘ:

1. ਮਹੰਤ ਸਨ ਬਾਬਾ ਸੁਰਜਨ ਸਿੰਘ ਜੀ ਭੋਮੇ ਵਡਾਲੀਏ
2 . ਮਸਤਾਨਾ ਟਹਿਲ ਸਿੰਘ (ਬੋਰੀਆ ਵਾਲਾ)
3. ਹਰਨਾਮ ਸਿੰਘ ਚੁੰਨ੍ਹੀ (ਅੰਬਾਲਾ) 4. ਸੁੰਦਰ ਸਿੰਘ ਬੰਬੂ ਸਹਿੰਸਰਾ 5 . ਹਰਨਾਮ ਸਿੰਘ ਮਜ਼ੵਬੀ ਸਿੰਘ
6. ਸਮੁੰਦ ਸਿੰਘ ਮਜ਼ੵਬੀ ਸਿੰਘ

ਗੱਡਿਆਂ ਦੇ ਸਿਰਤਾਜ ਮਹੰਤ ਤੇ ਬੌਲਦ ਦੁੜਾਉਣ ਵਿਚ ਮਾਹਰ ਸਿੰਘ ਸਨ, ਮਹੰਤ ਕੌਲਾ ਸਿੰਘ ਜੀ ਮੌਲੀ ਦਰਾਲੀ(ਅੰਬਾਲਾ) ਮੈਨ ਦੁਆਬੀਏ। ਹੋਰ ਸਿੰਘ ਗੱਡਿਆਂ ਨਾਲ ਸਨ, ਮਾਘਾ ਸਿੰਘ ਅਲੌੜੀਆ ਅਤੇ ਜੁੱਲੀ ਚੁੱਕ ਵਸਾਖਾ ਸਿੰਘ। ਭਾਈ 'ਜੁੱਲੀ ਚੁੱਕ' ਰਾਤ ਤੁਰੇ ਜਾਂਦਿਆਂ ਨੂੰ ਹੀ ਭਜਨ ਦੇ ਦਿੰਦਾ ਸੀ। ਇੱਕ ਵੇਰ ਮੁਕਲਾਵੇ ਤੁਰੇ ਜਾਂਦੇ ਕੁੜੀ ਮੁੰਡੇ ਨੂੰ ਵੀ ਇਸ ਭਜਨ ਦੇ ਕੇ ਗੁਰੂ ਵਾਲੇ ਬਣਾ ਦਿੱਤਾ ਸੀ। ਈਸ਼ਰ ਸਿੰਘ ਗੱਡਿਆਂ ਵਾਲਾ ਰੱਸਾ ਖਿੱਚਣ ਵਿਚ ਕੁੱਲ ਤੋਂ ਅੱਗੇ ਸੀ। ਦੂਜੇ ਗੱਡੇ ਨਾਲ ਸਨ ਬਾਬਾ ਸੰਤਾ ਸਿੰਘ ਬੁਰਜ ਮਾਲਵੇ ਦੇ, ਸਰਦਾਰ ਰਾਇਪੁਰ ਗੁੱਜਰਵਾਲੀਆ, ਗੁਪਾਲ ਸਿੰਘ ਬਿੱਲਾ ਅਤੇ ਵਜੀਦੀਆ ਭਗਵਾਨ ਸਿੰਘ। ਇਹ ਬਾਬਾ ਸੰਤਾ ਸਿੰਘ ਰਾਹ ਵਿਚ ਤੁਰੇ ਜਾਂਦਿਆਂ ਨੂੰ ਕਿਸੇ ਨੂੰ ਬੋਲਣ ਨਹੀਂ ਸੀ ਦਿੰਦਾ ਜਾਂ ਤਾਂ ਮਾਲਾ ਫੇਰਦੇ ਸਨ ਜਾਂ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਨ।

ਨਿਹੰਗਾਂ ਦੇ ਦਲ ਦਾ ਮਹੱਲਾ ਨਿਕਲਣ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗਵਾਈ ਵਿੱਚ, ਨਾਮਧਾਰੀ ਸਿੰਘ ਘੋੜਿਆਂ ਉੱਤੇ ਅਤੇ ਪੈਦਲ ਮਹੱਲਾ ਖੇਡਣ ਨਿਕਲੇ। ਨਾਲ ਮਹੰਤ ਕੌਲਾ ਸਿੰਘ ਜੀ ਦਾ ਗੱਡਾ ਸੀ। ਚਰਨ ਗੰਗਾ ਤੇ ਜਾਂਦਿਆਂ ਹੀ ਨੇਜ਼ੇਬਾਜ਼ੀ ਸ਼ੁਰੂ ਹੋ ਗਈ। ਜਿਸ ਵਿਚ ਸ੍ਰੀ ਸਤਿਗੁਰੂ ਜੀ ਅੱਬਲ ਰਹੇ ਕੁੱਲ ਤੋਂ ਜੋ ਉੱਥੇ ਜੁੜੇ ਸਨ ਨਜ਼ੇਬਾਜ਼, ਪੰਜਾਬ ਅਤੇ ਹੋਰ ਇਲਾਕਿਆਂ ਦੇ। ਘੋੜਾ ਸਿਰਪੱਟ ਦੌੜਾਕੇ ਰੁਮਾਲੀ ਚੁੱਕਣ ਵਿੱਚ ਵੀ ਆਪ ਤੋਂ ਬਿਨਾਂ ਹੋਰ ਕੋਈ ਕਾਮਯਾਬ ਨਾ ਹੋਇਆ। ਘੋੜੇ 'ਤੇ ਚੜ੍ਹਿਆਂ ਹੀ, ਸਿਰ ਮੈਦਾਨ ਘੋੜਾ ਦੁੜਾਉਂਦਿਆਂ ਆਪ, ਜ਼ਮੀਨ ਤੇ ਪਿਆ ਨਿੰਬੂ ਤਲਵਾਰ ਮਾਰ ਕੇ ਕੱਟ ਦਿੰਦੇ ਸਨ। ਇਸ ਹੋਲੇ ਮਹੱਲੇ ਸਮੇਂ ਦੋਵੇਂ ਛੋਟੇ ਭਰਾਤਾ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਵੀ ਹਜ਼ੂਰ ਦੇ ਨਾਲ ਹੀ ਬਾਬੇ ਜੱਸੇ ਦੇ ਪ੍ਰਵਾਰ ਦੀ ਕੀਰਤੀ ਨੂੰ ਬਿਖੇਰ ਰਹੇ ਸਨ।

ਰਾਤ ਨੂੰ ਹੱਲੇ ਦਾ ਦੀਵਾਨ ਲੱਗਾ ਹੋਇਆ ਸੀ ਜਦੋਂ ਨਿਹੰਗ ਸਿੰਘਾਂ ਦੇ ਦਲ ਵਲੋਂ ਚਿੱਠੀ ਆਈ ਕਿ ਆਪਾਂ ਦੋਵੇਂ ਦਲ ਜਿਹਨਾਂ ਬਾਰੇ ਗਿਆਨੀ ਗਿਆਨ ਸਿੰਘ ਹੋਰਾਂ ਵੀ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਨਿਰਮਲਿਆਂ ਦੇ ਨਾਲ:

"ਨਿਰਮਲੇ ਨਿਹੰਗ ਕੂਕੇ
ਤੀਨੋ ਸਿੰਘ ਹੈਂ ਅਚੂਕੇ।"

ਆਪੋ ਵਿੱਚੀਂ ਖਹਿਬੜਦੇ ਚੰਗੇ ਨਹੀਂ ਲਗਦੇ, ਅਸੀਂ ਵੀ ਆਪਣੇ ਸਿੰਘਾਂ ਨੂੰ ਸਮਝਾਉਂਦੇ ਹਾਂ, ਤੁਸੀਂ ਵੀ ਆਪਣੇ ਸਿੰਘਾਂ ਨੂੰ ਸਮਝਾਓ ਅਤੇ ਸਮਝੌਤਾ ਕਰ ਲਈਏ। ਸਤਿਗੁਰ ਸੱਚੇ ਪਾਤਸ਼ਾਹ ਤਾਂ

"ਨਿਵੈ ਸੁ ਗਉਰਾ ਹੋਇ।"

ਦੇ ਮਹਾਂਵਾਕ ਦੇ ਪਹਿਲੋਂ ਹੀ ਅਨੁਯਾਈ ਸਨ। ਪੰਜ ਸਿੰਘ ਆਪ ਨੇ ਨਿਹੰਗ ਸਿੰਘਾਂ ਦੇ ਦਲ ਵਿੱਚ ਆਪਣੇ ਵਲੋਂ ਪਹਿਲ ਕਰਕੇ ਭੇਜ ਦਿਤੇ। ਹੋਈ ਬੀਤੀ ਤੇ ਪਸ਼ਚਾਤਾਪ ਕੀਤਾ। ਅੱਗੋਂ ਤੋਂ ਰਲ-ਮਿਲ ਕੇ ਇੱਕ ਦੂਜੇ ਦੀ ਮਾਣ ਮਰਿਯਾਦਾ ਦਾ ਸਤਿਕਾਰ ਕਰਨ ਦੀ ਲੋੜ ਤੇ ਜ਼ੋਰ ਦਿਤਾ ਗਿਆ। ਇਉਂ ਦੋਹਾਂ ਪੰਥਾਂ ਦਾ ਪ੍ਰੇਮ ਪੂਰਬਕ ਸਮਝੌਤਾ ਹੋ ਗਿਆ।

ਸਵੇਰੇ ਨਾਮਧਾਰੀ ਦਲ ਦੀ ਵਾਰੀ ਸੀ ਗੁਰਦੁਆਰੇ ਸਾਹਿਬ ਜਾ ਕੇ ਮੱਥਾ ਟੇਕਣ ਦੀ। ਉਸੇ ਗੁਰਦੁਆਰੇ ਜਿੱਥੇ ਅੱਜ ਤੋਂ 52 ਵਰ੍ਹੇ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸੂਬਿਆਂ, ਮਹੰਤਾਂ, ਸੰਤਾਂ ਅਤੇ ਸਿੰਘਾਂ ਸਮੇਤ, ਹੁਣ ਵਾਂਗੂੰ ਹੀ, ਹਜ਼ਾਰਾਂ ਦੀ ਸੰਖਿਆ ਵਿੱਚ, ਪੂਰੇ ਰਾਜਸੀ ਠਾਠ ਬਾਠ ਨਾਲ ਆਏ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਇਸ ਸਮੇਂ ਤੀਹ ਹਜ਼ਾਰ ਤੋਂ ਵੱਧ ਨਾਮਧਾਰੀ ਸਿੰਘ ਸਨ। ਇਹ ਇਸ ਗੱਲ ਦਾ ਵੀ ਪ੍ਰਤੀਕ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪੂਰਬ ਕ੍ਰਿਪਾ ਸਦਕਾ, ਤੰਗੀਆਂ ਤੁਰਸ਼ੀਆਂ ਦਾ ਦੌਰ ਹੁਣ ਮੁੱਕਦਾ ਜਾਂਦਾ ਸੀ, ਜਿਸ ਪੰਥ ਦੇ ਪੰਜ ਬੰਦੇ ਵੀ ਅੱਜ ਤੋਂ ਕੁਝ ਸਾਲ ਪਹਿਲਾਂ ਜੇ ਜੁੜਦੇ ਤਾਂ ਗੋਰਾਸ਼ਾਹੀ ਦਾ ਕਾਲਾ ਕਾਨੂੰਨ ਫੌਰਨ ਹਰਕਤ ਵਿਚ ਆ ਜਾਂਦਾ ਸੀ। ਅੱਜ ਉਸੇ ਬਦੇਸ਼ੀ ਹਕੂਮਤ ਦੇ ਰਾਜ ਵਿਚ ਹੀ ਫਿਰ ਨਾਮਧਾਰੀ ਸਿੰਘਾਂ ਦੇ ਐਡੇ-ਐਡੇ ਵਿਸ਼ਾਲ ਇਕੱਠ ਹੋਣੇ ਸ਼ੁਰੂ ਹੋ ਗਏ ਸਨ। ਦੇਸ਼ ਕੌਮ ਦੀ ਤਕਦੀਰ ਦੇ ਬਦਲ ਰਹੇ ਲੱਛਣ, ਪੜ੍ਹਣ ਵਾਲਿਆਂ ਨੂੰ ਕੰਧ 'ਤੇ ਸਾਫ਼ ਲਿਖੇ ਨਜ਼ਰ ਆ ਰਹੇ ਸਨ।

ਕੀਰਤਨ ਕਰਦੇ ਹੋਏ ਸਾਰੇ ਜੱਥੇ ਸਤਿਗੁਰੂ ਜੀ ਦੇ ਪਿੱਛੇ-ਪਿੱਛੇ ਗੁਰਦੁਆਰੇ ਨੂੰ ਤੁਰ ਪਏ। ਸੰਤ ਭਗਤ ਸਿੰਘ ਜੀ ਦਾਤੇਵਾਲੀਏ ਨੇ ਤ੍ਰੈ-ਰੰਗਾ ਚੋਲਾ ਪਹਿਨਿਆ ਹੋਇਆ ਸੀ। ਦੋ ਢੋਲਕੀਆਂ ਤੇ ਖਲੋ ਕੇ ਆਪ ਪ੍ਰਚਾਰ ਕਰਦੇ ਸਨ। ਦਸਮ ਦੀ ਬਾਣੀ ਪੜ੍ਹਦੇ ਜਾਂ ਵੀਰ ਸਿੰਘ ਦੇ ਬਾਰਾਂਮਾਹ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨਾਲ ਰੰਗ ਬੰਨ੍ਹਦੇ ਸਨ:

ਚੜ੍ਹੇ ਵੈਸਾਖ ਮਨ ਮਸਤਾਨਾ
ਸਤਿਗੁਰ ਸੁਧ ਕੀਆ ਪਿਆਨਾ
ਧੌਂਸਾ ਘਣੀਅਰ ਜਿਉਂ ਘੁਰਰਾਨਾ
ਕੜ ਕੜ ਕੜਕਣ ਸ਼ਬਜ਼ ਕਮਾਨਾਂ
ਕੜ ਕੜ ਕੜਕਦੀਆਂ।"

ਜਦੋਂ ਮੱਥਾ ਟੇਕਣ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪੁੱਜੇ ਤਾਂ ਪਉੜੀਆਂ ਪਾਸ ਇੱਕ ਨਿਹੰਗ ਸਿੰਘ ਜੀ ਖਲੋਤੇ ਸਨ। ਸੁੱਖੇ ਦੇ ਰੱਜੇ ਹੋਏ ਹੱਥ ਵਿੱਚ ਨੰਗੀ ਸ੍ਰੀ ਸਾਹਿਬ ਮੂੰਹੋਂ ਇਹੋ ਬੋਲਾ ਕਰਨ "ਕੂਕਿਆਂ ਦੇ ਗੁਰੂ ਨੂੰ ਮੱਥਾ ਨਹੀਂ ਟੇਕਣ ਦਿਆਂਗਾ, ਉਸਦਾ ਸਿਰ ਵੱਢ ਦਿਆਂਗਾ।"

ਜਦੋਂ ਅਸੀਂ ਡਾਂਗਾ ਸੂਤੀਆਂ ਅਤੇ ਆਪੋ ਆਪਣੇ ਸ਼ਸ਼ਤਰਾਂ ਨੂੰ ਜੋਹਿਆ ਤਾਂ ਸਤਿਗੁਰੂ ਜੀ ਨੇ ਇਸ਼ਾਰੇ ਨਾਲ ਸ਼ਾਂਤੀ ਰੱਖਣ ਦੀ ਹਦਾਇਤ ਕੀਤੀ ਅਤੇ ਫ਼ਰਮਾਇਆ ਕਿ ਤੁਹਾਡੇ ਵਿੱਚੋਂ ਕਿਸੇ ਕੋਈ ਹਰਕਤ ਨਹੀਂ ਕਰਨੀ, ਇਹਨਾਂ ਸਿੰਘ ਜੀ ਨਾਲ ਮੈਂ ਆਪੇ ਹੀ ਸੁਲਝ ਲਵਾਂਗਾ। ਜਿਵੇਂ ਪਰਸ ਰਾਮ ਦੇ ਪੈਰੀਂ ਹੱਥ ਲਾ ਕੇ ਭਗਵਾਨ ਰਾਮ ਚੰਦਰ ਜੀ ਨੇ ਉਸਦੀ ਸੱਤਿਆ ਖਿੱਚ ਲਈ ਸੀ, ਤਿਵੇਂ ਹੀ ਸਤਿਗੁਰੂ ਜੀ ਨੇ ਜਿਉਂ ਹੀ ਥੋਹੜਾ ਝੁਕ ਕੇ ਉਸ ਨਿਹੰਗ ਸਿੰਘ ਦੇ ਚਰਨੀਂ ਹੱਥ ਲਾਉਣ ਦੀ ਕੋਸ਼ਿਸ਼ ਕੀਤੀ, ਉਹ ਅਹਿੱਲ ਹੋ ਗਿਆ, ਅੱਖਾਂ ਟੱਡੀਆਂ ਹੀ ਰਹਿ ਗਈਆਂ ਅਤੇ ਤਲਵਾਰ ਹੱਥੋਂ ਛੁਟਕ ਕੇ ਪਰ੍ਹੇ ਜਾ ਪਈ। ਸਾਰੀ ਸੰਗਤ ਤਾਂ ਮੱਥਾ ਟੇਕ ਕੇ ਆਪਣੇ ਡੇਰੇ ਆ ਗਈ, ਪਰ ਜਦੋਂ ਮੱਥਾ ਟੇਕ ਕੇ ਆਉਣ ਵਾਲਿਆਂ ਦੀ ਭੀੜ ਦਾ ਧੱਕਾ ਵੱਜਿਆ ਤਾਂ ਸਾਡੀਆ ਤਿੰਨੇ ਮਾਤਾਵਾਂ ਮਾਤਾ ਭੁਪਿੰਦਰ ਕੌਰ, ਬੇਬੇ ਸਤਵੰਤ ਕੌਰ (ਮਹਾਰਾਜ ਨਿਹਾਲ ਸਿੰਘ ਜੀ ਦੇ ਮਹਿਲ) ਖੁੰਝ ਗਈਆਂ। ਕੁਦਰਤ ਨਾਲ ਜਿਸ ਗਲੀਏ, ਇਹ ਪੈ ਗਈਆਂ, ਉਸੇ ਗਲੀਏ ਮੈਂ ਤੇ ਤਿੰਨ ਚਾਰ ਹੋਰ ਸਿੰਘ ਵੀ ਭੁਲੇਖੇ ਨਾਲ ਪੈ ਗਏ। ਅਸੀਂ ਵੀ ਉਨ੍ਹਾਂ ਨਾਲ ਜਾ ਰਲੇ ਅਤੇ ਫਿਰ ਸ਼ਹੀਦੀ ਬਾਗ਼ ਵੇਖਿਆ। ਡੇਰੇ ਜਦੋਂ ਪਤਾ ਲੱਗਾ ਮਾਈਆਂ ਦੇ ਖੁੰਝਣ ਦਾ ਤਾਂ ਸਤਿਗੁਰੂ ਜੀ ਨੇ ਸਿੰਘ ਭਜਾ ਦਿੱਤੇ। ਲਭਦੇ ਲਭਾਉਂਦੇ ਹੀ ਸਨ ਉਹ ਅਜੇ ਜਦੋਂ ਅਸੀਂ ਪੁੱਜ ਗਏ। ਸਤਿਗੁਰੂ ਜੀ ਕੁਝ ਨਾਰਾਜ਼ ਹੋਏ ਕਿ ਇਤਨਾ ਚਿਰ ਲਾ ਦਿੱਤਾ। ਪਰ ਉਹਨਾਂ ਦੇ ਵੀ ਕੀ ਵੱਸ ਸੀ ਹੋਲੇ ਦੇ ਸਮੇਂ ਅਨੰਦਪੁਰ ਸਾਹਿਬ ਤਾਂ ਮਾਨੋ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ ਹੀ ਬਣ ਜਾਂਦਾ ਹੈ।

ਐਨੀ ਭੀੜ ਵਿੱਚ ਬੰਦਾ ਖੁੰਝਣ ਲੱਗਿਆਂ ਕੋਈ ਪਤਾ ਥੋੜ੍ਹਾ ਲੱਗਦਾ ਹੈ।

ਹੋਲੇ ਦੇ ਭੋਗ ਤੋਂ ਅਗਲੀ ਸਵੇਰ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾਏ। ਜਦੋਂ ਤੁਰਨ ਲੱਗੇ ਤਾਂ ਸੰਤ ਆਲਾ ਸਿੰਘ ਜੀ ਨਾ ਲੱਭਣ। ਸਤਿਗੁਰੂ ਜੀ ਨੇ ਆਪਣਾ ਦਲ ਤਾਂ ਤੋਰ ਦਿੱਤਾ। ਰਾਹ ਵਿਚ ਚੰਬੀ ਘੋੜੀ ''ਕੱਕੂ'' ਕਰਤਾਰ ਸਿੰਘ ਤੋਂ ਛੁੱਟ ਕੇ ਭੱਜ ਗਈ। ਹਜ਼ੂਰ ਨੇ ਆਪਣੀ ਘੋੜੀ ਉਸਦੇ ਮਗਰ ਲਾ ਦਿੱਤੀ। ਤਿੰਨ ਵੇਰਾਂ ਸਤਿਲੁਜ ਤੋਂ ਪਾਰ ਗਏ ਅਤੇ ਤਿੰਨ ਵੇਰਾਂ ਹੀ ਉਰਾਰ ਆਏ। ਫਿਰ ਕਿਤੇ ਜਾ ਕੇ ਉਹ ਘੋੜੀ ਕਾਬੂ ਆਈ। ਰਾਤ ਨੂੰ ਜਦੋਂ ਮਹੰਤ ਕੇਸਰ ਸਿੰਘ ਮਜਾਧ, ਰੋਪੜ ਵਾਲੇ ਪੜਾਅ ਤੇ, ਪ੍ਰਸ਼ਾਦ ਛਕਾਉਣ ਲੱਗਾ ਤਾਂ ਬਚਨ ਕੀਤਾ, "ਇੱਕ ਤਾਂ ਸੰਤ ਆਲਾ ਸਿੰਘ ਜੀ ਕਿਤੇ ਤੁਰ ਗਏ ਨੇ, ਚਿੱਤ ਨੂੰ ਬੜੀ ਤਕਲੀਫ਼ ਆਈ ਹੈ। ਇੱਕ ਸਵੇਰੇ ਗੁਰਮੁਖ ਵੀ ਨਹੀਂ ਮਿਲਿਆ, ਉਹ ਵੀ ਰਾਤ ਦਾ ਨਾਰਾਜ਼ ਹੋ ਗਿਆ ਸੀ। ਮੈਂ ਘੋੜਾ ਉੱਥੇ ਛੱਡ ਆਇਆ ਹਾਂ, ਪਤਾ ਨਹੀਂ ਵੈਸਾਖੀ ਤੇ ਲੈ ਜਾਣ ਲਈ ਅੰਮ੍ਰਿਤਸਰ ਨੂੰ ਗੁਰਮੁਖ ਤੁਰਿਆ ਹੈ ਕਿ ਨਹੀਂ।" ਫਿਰ ਫ਼ਰਮਾਇਆ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਤਾਂ ਇੱਥੇ ਰਾਤ ਦੇ ਸਮੇਂ ਭਾਜੜ ਪਈ ਸੀ, ਸਾਨੂੰ ਅੱਜ ਦਿਨੇ ਹੀ ਭਾਜੜ ਪਈ ਰਹੀ ਹੈ। ਖ਼ਰਾਬ ਹੋਏ ਹਾਂ। ਫਿਰ ਬਚਨ ਕੀਤਾ ਕਿ ਹੁਣ ਇੱਥੇ ਦੋ ਹੋਲੇ ਕਰ ਲਏ ਹਨ, ਸੱਤਾਂ ਸਾਲਾਂ ਦੇ ਵਿੱਚ ਵਿੱਚ। ਹੁਣ ਅੱਗੋਂ ਹੋਰ ਕੋਈ ਹੋਲਾ ਨਹੀਂ ਹੋਵੇਗਾ ਸਾਡੇ ਵੱਲੋਂ ਇਸ ਅਸਥਾਨ 'ਤੇ।

ਸਤਿਗੁਰੂ ਜੀ ਭੈਣੀ ਸਾਹਿਬ ਪਹੁੰਚ ਗਏ। ਸੰਤ ਆਲਾ ਸਿੰਘ ਜੀ ਤੇ ਮੈਂ ਦੁਰਗਾਪੁਰ ਚਲੇ ਗਏ। ਸੰਤ ਦੁਰਗਾਪੁਰੋਂ ਗੱਡੀ ਚੜ੍ਹ ਕੇ ਪਿੰਡ ਨੂੰ ਚਲੇ ਗਏ। ਮੈਂ ਮੰਜ਼ਲੋ ਮੰਜ਼ਲੀ ਘੋੜਾ ਲੈ ਕੇ ਵਿਸਾਖੀ ਤੇ ਅੰਮ੍ਰਿਤਸਰ ਪੁੱਜ ਗਿਆ। ਉਥੇ ਉਹ ਘੋੜਾ ਵਿਕ ਗਿਆ। ਸਤਿਗੁਰੂ ਜੀ ਨੇ ਮੈਨੂੰ ਕਿਹਾ, "ਤੂੰ ਵੀ ਝੱਬਰਾਂ ਨੂੰ ਚਲਾ ਜਾਹ। ਨਾਲੇ ਆਪਣਾ ਜ਼ਮੀਨ ਦਾ ਹਿੱਸਾ ਠੇਕਾ ਲੈ ਆਵੀਂ ਤੇ ਨਾਲੇ ਸੰਤ ਆਲਾ ਸਿੰਘ ਹੋਰਾਂ ਨੂੰ ਮਨਾ ਲਿਆਵੀਂ।" ਮੈਂ ਸੰਤਾਂ ਨੂੰ ਅਰਜ਼ ਕੀਤੀ। ਉਹਨਾਂ ਨਿਮਾਣੀ ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਪਹੁੰਚਣ ਦਾ ਬਚਨ ਮੇਰੇ ਨਾਲ ਕੀਤਾ ਜੋ ਬਾਦ ਵਿਚ ਪੂਰਾ ਹੋ ਗਿਆ। ਮੈਂ ਵੀ ਡੇਰੇ ਸ੍ਰੀ ਭੈਣੀ ਸਾਹਿਬ ਪੁੱਜ ਕੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਨਿਮਾਣੀ ਦਾ ਮੇਲਾ ਜੋ ਜੇਠ ਵਦੀ ਦਸਵੀਂ ਨੂੰ ਹੁੰਦਾ ਸੀ, ਸ੍ਰੀ ਭੈਣੀ ਸਾਹਿਬ ਉਸ ਵਿੱਚ ਬਹੁਤ ਸੰਗਤ ਸਭ ਇਲਾਕਿਆਂ ਤੋਂ ਆ ਕੇ ਜੁੜਦੀ ਸੀ। ਐਤਕੀਂ ਨਹਿਰ ਤੇ ਸੰਤ ਆਲਾ ਸਿੰਘ ਜੀ ਅਤੇ ਸੰਤ ਮੋਹਨ ਸਿੰਘ ਜੀ ਵਡਾਲੇ ਜੌਹਲਾਂ ਵਾਲੇ ਵੀ ਟਿਕੇ ਰਹੇ। ਬੜੀ ਸੰਗਤ ਆਉਂਦੀ ਰਹੀ ਹੋਰ ਵੀ, ਦੁਸਹਿਰੇ ਤੱਕ। ਪਿਛਲੇ ਸਾਲਾਂ ਵਾਂਗ ਹੀ ਸਾਰੇ ਪ੍ਰੋਗਰਾਮ ਸਫਲਤਾਪੂਰਵਕ ਸਿਰੇ ਚੜ੍ਹਾਏ ਗਏ।

ਦੁਸਹਿਰੇ ਨੂੰ ਸ੍ਰੀ ਸਤਿਗੁਰੂ ਜੀ, ਸ੍ਰੀ ਭੈਣੀ ਸਾਹਿਬ ਪੁੱਜੇ ਅਤੇ ਫਿਰ ਦੀਵਾਲੀ ਤੇ ਸਭ ਸ੍ਰੀ ਅੰਮ੍ਰਿਤਸਰ ਜੁੜ ਗਏ। ਲਾਹੌਰ, ਸ਼ੇਖੂਪੁਰਾ ਜ਼ਿਲ੍ਹੇ ਨੂੰ ਤਾਰਦੇ ਨਨਕਾਣੇ ਸਾਹਿਬ ਚਾਰ ਦਿਨ ਰਹਿ ਕੇ ਮੇਲਾ ਕੀਤਾ। ਫਿਰ ਲਾਹੌਰ ਦੇ ਪਿੰਡਾਂ ਵਿਚਦੀ ਹੁੰਦੇ ਹੋਏ ਆਪ ਫੀਰੋਜ਼ਪੁਰ ਜ਼ਿਲ੍ਹਾ ਮਾਲਵੇ ਵਿਚ ਪੁੱਜ ਗਏ। ਰੋਡੇ, ਖੋਟੇ, ਮਧੇ, ਸੈਦੋ, ਭਦੌੜ, ਬਿਲਾਸਪੁਰ, ਤਖ਼ਤੂਪੁਰਾ, ਨੰਗਲ, ਨਥਾਣਾ, ਭਗਤਾ ਭਾਈ ਕਾ, ਢਿੱਲਵਾਂ, ਮੌੜੇ, ਰਾਇਸਰ, ਬਰਨਾਲਾ, ਧਨੌਲਾ, ਪਿੱਥੋ, ਗੁਮਟੀ, ਕਰਾਈਵਾਲਾ, ਮਲੋਟ, ਗੁਰੂਸਰ, ਅਬੁਲ ਖੁਰਾਣਾ, ਮੁਕਤਸਰ, ਫੂਲੇ ਵਾਲਾ, ਝਾੜੀ ਵਾਲਾ, ਕੰਗਣਪੁਰ, ਦਾਓਕੇ ਆਦਿ ਥਾਣੀਂ ਮਾਲਵੇ ਦਾ ਦੌਰਾ ਮੁਕੰਮਲ ਕਰਕੇ ਫਿਰ ਮਾਝੇ ਵਿਚ ਦਾਖ਼ਲ ਹੋ ਗਏ। ਇੱਥੋਂ ਫਿਰ ਆਪ ਪੱਤੋ, ਜਮਸ਼ੇਰ, ਨਥੇਹ ਤੋਂ ਰਾਵੀ ਲੰਘ ਕੇ ਅਠਾਰਾਂ ਚੱਕ ਦੁਗੈਚ, ਉਨੀ ਚੱਕ ਦੁਗੈਚ, ਰੱਤਾ ਚੋਆ, ਬੁਰਜ, ਸਿਰਹਾਲੀ (ਬਾਰ ਵਾਲੀ), ਚੂਹੇਝਾੜ, ਕੱਟਿਆਂ ਵਾਲੀ, ਪੰਨਵਾਂ, ਮਾਨਾਂਵਾਲਾ, ਮੱਖੀ ਆਦਿ ਨਗਰਾਂ ਨੂੰ ਭਾਗ ਲਾਉਂਦੇ ਹੋਏ ਪਿੰਡ ਵਰਨ ਜ਼ਿਲ੍ਹਾ ਸ਼ੇਖੂਪੁਰਾ ਵਿਚ ਹੋਲੇ ਮਹੱਲੇ ਦੇ ਪੁਰਬ ਸਮੇਂ ਜਾ ਦਰਸ਼ਨ ਦਿੱਤੇ।

**ਕੁਝ ਵਰਨਾ ਵਿਰਕਾਂ ਬਾਰੇ ਹੋਲਾ ਵਰਨਾਂ ਦਾ, 1976:**

ਜਿਵੇਂ ਅਸੀਂ ਬਜ਼ੁਰਗਾਂ ਤੋਂ ਸੁਣਿਆ ਹੈ, ਜੰਮੂ ਦੇ ਰਾਜੇ ਉਗਰਸੈਨ ਦੀ ਗ਼ੈਰ ਰਾਜਪੂਤ ਰਾਣੀ ਵਿੱਚੋਂ ਜੋ ਤਿੰਨ ਪੁੱਤਰ ਹੋਏ ਬਾਰ੍ਹਵੀਂ ਸਦੀ ਈਸਵੀ ਵਿੱਚ, ਉਹਨਾਂ ਦੇ ਨਾਮ ਕ੍ਰਮ ਅਨੁਸਾਰ ਵਰਨ, ਧਰੰਗੜ ਤੇ ਵਿਰਕ ਸਨ। ਵਰਨਾਂ ਦਾ ਇਹ ਇੱਕ ਹੀ ਪਿੰਡ ਸੀ ਸ਼ੇਖੂਪੁਰੇ ਜ਼ਿਲ੍ਹੇ ਵਿੱਚ, ਧਰੰਗੜ ਦੀ ਉਲਾਦ ਇਸਲਾਮ ਧਾਰਨ ਕਰ ਗਈ ਸੀ ਅਤੇ ਜੱਟਾਂ ਸਿੱਖਾਂ ਵਿੱਚ ਵਧੇਰੇ ਪ੍ਰਸਿੱਧੀ ਵਿਰਕ ਦੀ ਉਲਾਦ ਨੂੰ ਹੀ ਮਿਲੀ। ਉਂਜ ਵਿਰਕ ਕੁਝ ਹਿੰਦੂ ਅਤੇ ਚੋਖੇ ਮੁਸਲਮਾਨ ਜੱਟਾਂ ਵਿੱਚ ਵੀ ਹਨ। ਜ਼ਿਆਦਾ ਤਪ ਤੇਜ ਵਿਰਕ ਦਾ ਹੀ ਫੈਲਿਆ ਜਿਸ ਦੀ ਉਲਾਦ ਦੇ ਗੁਜਰਾਂਵਾਲੇ ਸ਼ੇਖੂਪੁਰਾ ਜ਼ਿਲ੍ਹਿਆਂ ਵਿੱਚ ਕੋਈ 150 ਦੇ ਕਰੀਬ ਪਿੰਡ ਸਨ, ਕੁਝ ਵਿਰਕ ਮਾਝੇ, ਦੁਆਬੇ ਅਤੇ ਮਾਲਵੇ ਵਿਚ ਵੀ ਵਿਕੋਲਿੱਤਰੇ ਪਿੰਡਾਂ ਜਾਂ ਟਾਂਵੇਂ ਟਾਂਵੇਂ ਇੱਕ ਦੋ ਸਾਲਮ ਪਿੰਡਾਂ ਵਿੱਚ ਖਿਲਰ ਗਏ ਸਨ। ਲੋਕੋਕਤੀ ਹੈ:

**ਚਲਦਾ...**

# MURDER OF BEEF BUTCHERS BY KUKAS



**Edited by: Dr. Gurdev Singh Sidhu**
9417049417

The festival of *NimaneeMadushee* came round on that date, when it is customary for Hindoos to make offerings ofsweet meats,sherbet, &c., to their priests and brahmins; and as these are always given in newly-made certain vessels (*ghurahs*), very extensivepurchases are made on this day from men of the Potter class, who are nearly all Mahomedans. The potters had as usual made preparations for supplying the wants of their Hindoo customers on this occasion, but not a Hindoowould buy of them.On hearing this, and also that the "*kasera*s" - another class of Hindoo traders - refused to buy old copper vessels from Mahomedans as they had always been in the habit of doing.

I sent for Sirdar Hurcharan Dass, Bhai Purdhoomun Singh, Khan Mahomed Shah and other leading men of the city, and called on them to use their influence at once to remove this remnant of ill-feeling and distrust from the minds of all, and, if possible, completely to restore the harmony which had before prevailed. They left me promising to do their best and the next morning returned, reporting that they had been entirely successful, and that sales were once more going on as usual.They at the same time handed in the mutual engagements entered into by the potters and Hindoos on the one hand, and the *Kaseras* and Mahomedans on the other.

11. Enquiry subsequently made by me and the Deputy Commissioner confirmed what these gentlemen had said, and it was generally believed that all causes of dissatisfaction and distrust had been removed, especially as I had instructed the Deputy Commissioner to take recognizances from the butchers, and others employed in the slaughter of kine, that nothing should be done in any way calculated to offend the prejudices of the Hindoos and Sikhs.

12. Two weeks had been now passed by without anything approaching to disturbances, thoroughly convinced, incommon with all on the spot whom I had consulted, that there was no cause to apprehend anything of the kind again, and having several Sessions cases to try at Goordaspore, I thought I might now safely leave Amritsar; and I accordingly fixed the 5th, 6th and 7th June for the trial of the cases referred to, and left for Goordaspore on the night of the 4th.But, before doing so, I thought

it advisable to hold a Durbar to which every man of any note in the city, down to the headmen of each *mohulla*, should be invited, and hear from me with their own ears what the orders of Government were and what it expected from them as loyal citizens and the leaders of the people. Accordingly it was held on the 3rd of June at the Town Hall. It was well attended- all the European officers of this station being present, in addition to the large native assembly described above; and I there delivered in Oordoo an address which I had carefully prepared beforehand, and of which an English translation is attached hereto. I think I may say that it had a most excellent effect, - many Hindoo and Mahomedan gentlemen, when the meeting broke up, embracing each other intheir anxiety to show that no traces of the evil-feeling engendered by the late disturbances remained in their minds.

13.From that date (3rd) till the murderous attack was made by a large party of persons, unknown, on the butchers at the slaughter-house, on the morning of the 15th instant, not a whisper had reached the authorities on the spot of any feeling of dissatisfaction; and I may add my conviction, after enquiry here, that the feeling which led to this attack in confined to a small section of evil-disposed persons and that part of the town which is nearest to the slaughter-house.

14. I will,in conclusion, describe what appears to have been the cause of the late excitement on the subject of kine-killing. It was, I believe, due entirelyto two causes:- First, the very rapid increase which during the last three or four years has taken place and the consumption of this kind of food; and secondly, the want of care on the part of the butchers and others engaged in the trade and the sale and distribution of it. The increased consumption is due to a variety of concurring causes. First maybe mentioned the high price of grain during the period referred to; secondly, the war between France and Prussia, which has thrown thousands of *Cashmeeries* out of employ.

These two causes have driven the poorer classes of the Mahomedan population of the town to look for a cheap and at the same time satisfying description of food; and they have found it in beef, which is even now selling for a third of the price of mutton and goat flesh.The cheapness of beef, as compared with other kinds of flesh, is also due, in a great measure, to the drought from which the land has been suffering for so many years and the difficulty of obtaining fodder during this period has compelled to the owners of horned cattle to part with these animals for a mere trifle.

Consumption of beef has been further stimulated by the slaughter-house contractors for their own profit; and doubtless the knowledge that they hold a Government monopoly has emboldened them and rendered them careless of the manner in which the flesh was brought into the town; and thus the prejudices of Hindoos hasoften been offended.

There has, however, never been any

open infringement of the rules originally laid down for the slaughter of kine and the sale of the flesh; and on this ground the Hindoos had no cause of complaint.

15. I cannot conclude this report without bringing to the notice of the Government the determined bearing of the Deputy Commissioner Major Birch, throughout the early and most dangerous days of this excitement, and expressing my conviction that this had no small share in preventing the occurrences of anything like a serious outbreak of popular feeling.

The District Superintendent of police, Mr. Turton Smith, has throughout been most active and useful. I have myself to acknowledge the assistance received from the native gentlemen of the city especially from Sirdar Hurchaurn Dass and KhanMahomad Shah, I may hereafter ask that their conduct shall receive the special acknowledgement of Government; but I refrain from doing so until the result of the enquiry which is now going on into the circumstances of the murder of the butchers is known.

*More than a week had passed but the Amritsar police could not find any clue of the murderers. Local peoples were pressurizing the administration to arrest the culprits. In this situation investigation of this case was handed over to Mr. Christie,District Superintendent of Police, Jullundur, who was considered an expert in solving tough cases. Mr. Christie arrived at Amritsar on 24 June 1871.*

----

No. 538-914-1/2, dated Lahore, 30th June 1871

From – Lepel H. Griffen, Esq., Offg. Secretary to Government, Punjab.

To – The Secretary to Government of India, Home Department.

In continuation of letter No.38-S., dated 16th June, to the Foreign Department, I am desired by the Hon'ble the Lieutenant-Governor, to forward for the information of His Excellency the Viceroy and Governor-General in Council, copy of a letter No. 150, dated 21st June from the Commissioner of Amritsar and of its enclosures reporting further on the late excitement in Amritsar.

***

No.423, dated 1st July 1871

From – Major F.M. Birch, Deputy Commissioner, Amritsar.

To – The Offg. Commissioner and Superintendent, Amritsar Division.

I regret to report that up to the date the efforts of the Police, notwithstanding added and efficient aid from without, have not been successful in discovering the murderers of the butchers and other Mahomedans at the slaughter-house on the 15th of June.Your arrival on the 17th took the main conduct of the case out of my hands; and, at your instance, the arrest and release of all persons who could possibly be suspected have been left entirely to the Police,in order to strengthen Mr. Christie's hands.The result of the investigation, as far as it goes, all tends to the belief that the plot was hatched within the city of Amritsar.A most important step has been taken by you in giving the Hindoo chief

mena period of ten days within which to bring to light the perpetrators of the crime, under penalty of being adversely reported to Government. The plot must have been deeply laid to have resisted so successfully and so long the continued endeavors made to unravel it;nor can it any longer be a matter of surprise that nothing transpired to lead to a suspicion of the existence.

2. Bad as the outrage is (and I have by no means given up any feelings of indignation at the occurrence, or my hopes of avenging it,) it is still a matter for congratulations that it has not been followed up here orelsewhere by repeated assaults of Hindoos on Mahomedans.

This makes the occurrence of far less serious import then it otherwise would have been.It stands at present as an isolated outrage which may be attributed to special, but local feeling, in the city of Amritsar; it has not extended to the district; it has not reached the juts.Even the *Nihungs* who are believed to be the actual perpetrators, were not alone (it is summarized) in the commission of the crime.Those that were employed were most probably, as I have before reported, in the hands of designing Hindoos.

3. To enable the Government to deal quickly with this case, should the failure to discover the murderers necessitate punitive measures of a more comprehensive character, I think it my duty to record certain circumstances which have a direct bearing on the crime as it has occurred.

1st -- At the outset the slaughterhouse was threatened by Nihungs.This was reported in my letter of the 8th of May.A police guard was placed there on the 6th May, but withdrawn on the 31st. This, I fear, was a mistake.

2ndly -- On the 2nd June the order was passed in appeal for the release of the butchers who had originally, as I thought, given the Hindoos some just ground of offense.Possibly this gave umbrage, as it precluded the hope of the law giving redress.

3rdly -- Owing to various causes, kine killing has been of late years very much on the increase.This doubtless hurt many respectable Hindoos, and their feelings were entirely disregarded by the parties interested in the sale of beef. I took this view at first, and it led me to punish the individual butchers.

4thly --The general result of the measures taken was adverse to Hindoo interests.It could scarcely have been otherwise.The Hindoo population felt itself foiled, and its members have presumed to satisfy their feelings of revenge.Soglaring a defiance of authority cannot, of course, be overlooked.

***

No. 925., dated Lahore, 3rd July 1871

From – Lepel H. Griffen, Esq., Offg. Secretary to Government, Punjab.

To – The Offg. Commissioner and Superintendent, Amritsar Division.

With reference to previous correspondence, I am desired to request that you will call upon the Officiating Deputy Commissioner of Amritsar to explain the

grounds and reasons inconformity with which the contract for the slaughter of kinewas for the first time, given this year to the butchers.

*No. 124, dated 16th May 1871, from Commissioner, Amritsar with enclosures.

No. 150, dated 21st June 1871, from Commissioner, Amritsar.

***

*Mr. Christie put aside all investigation already undertaken by local police and followed his own line of action. And lo! 'miracle' happened. Mr. Christie within days of taking over this case arrested one Hira Singh and Aya, another accomplice of his in the this case ie. murder of butchers. In the light of their confessional statements given under the promise of pardon, Jai Ram Seth was arrested as an instigator of the crime. The Deputy Commissioner of Amritsar lost no time to inform the Commissioner of Amritsar about this achievement of Mr. Christie.*

----

No. 74., dated Amritsar, 6th July 1871

From – Major W. G. Davies, Offg. Commissioner and

Superintendent, Amritsar Division. 0.5

To – The Offg. Secretary to Government, Punjab.

I beg to forward, in continuation of this office No.151, of 22nd ultimo, copy of a letter No. 423, ofthe 1st instant, from Deputy Commissioner, reporting on the progress ofthe enquiry into the massacre of the butchers on the 15th of last month.

2. I am glad to be able to state that, since the Deputy Commissioner's letter was written, the Police, represented by Mr. Christie, have obtained agood clue to the perpetrators of that foul deed. Of this you have been informed demi-officially. It is not advisable to report particulars officially yet.

3. The Deputy Commissioner of Amritsar appears correctly to describe the state of feeling on the subject by saying that it is confined to a portion only of the city. Enquiries made by myself and Colonel Baillie, the Deputy Inspector-General of Police, tend to show that little interest is felt in this matter in any of the surrounding villages, much less among the agricultural population generally.

4. The removal of the Police guard from theslaughter-house, referred to by the Deputy Commissioner, was a great mistake, and the Deputy Commissioner should have been consulted before this was done. The Superintendent of Police believed that the excitement on the subject had completely died out, and the plot for the massacre of the butchers was kept so secret that not a Mahomedan in the city appears to have had even a suspicion of it; and such being the case, it is scarcely to be wondered at that the Police knew nothing of it.

5. If we succeed in tracing out the offenders and bringing them to justice, this will probably meet all the requirements of the case, and effectually prevent recurrence of such anoutrage; if not, other special measures must be adopted with this object.

**to be continued**

# Samadhi and Superconsciouness



**Swami Vivekananda**

Just as unconscious work is beneath consciousness, so there is another work which is above consciousness, and which also is not accompanied with the feeling of egoism. The feeling of egoism is only on the middle plane. When the mind is above or below that line, there is no feeling of 'I', and yet the mind works. When the mind goes beyond this line of selfconsciousness, it is called *Samadhi* or superconsciousness.

How, for instance, do we know that a man in *Samadhi* has not gone below consciousness, has not degenerated instead of going higher? In both cases the works are unaccompanied with egoism. The answer is, by the effects, by the results of the work, we know that which is below, and that which is above. When a man goes into deep sleep, he enters a plane beneath consciousness. He works the body all the time, he breathes, he moves the body, perhaps, in his sleep, without any accompanying feeling of ego; he is unconscious, and when he returns from his sleep, he is the same man who went into it. The sum total of the knowledge which he had before he went into the sleep remains the same; it does not increase at all. No enlightenment comes. But when a man goes into *Samadhi*, if he goes into it a fool, he comes out a sage.

What makes the difference? From one state a man comes out the very same man that he went in, and from another state the man comes out enlightened, a sage, a prophet, a saint, his whole character changed, his life changed, illumined. These are the two effects. Now the effects being different, the causes must be different. As this illumination with which a man comes back from *Samadhi* is much higher than can be got from unconsciousness, or much higher than can be got by reasoning in a conscious state, it must, therefore, be superconsciousness, and *Samadhi* is called the superconscious state.

When the mind goesbeyond this line of self-consciousness,it is called *Samadhi* or superconsciousness.

This, in short, is the idea of *Samadhi*. What is its application? The application is here. The field of reason, or of the conscious workings of the mind, is narrow and limited. There is a little circle within which human reason must move. It cannot go beyond. Every attempt to go beyond is impossible, yet it is beyond this circle of reason that there lies all that humanity holds most dear.

All these questions, whether there is an immortal soul, whether there is a God, whether there is any supreme intelligence guiding this universe or not, are beyond the field of reason.

Reason can never answer these questions. What does reason say? It says, "I am agnostic; I do not know either yea or nay." Yet these questions are so important to us. Without a proper answer to them, human life will be purposeless. All our ethical theories, all our moral attitudes, all that is good and great in human nature, have been molded upon answers that have come from beyond the circle. It is very important, therefore, that we should have answers to these questions. If life is only a short play, if the universe is only a "fortuitous combination of atoms," then why should I do good to another? Why should there be mercy, justice, or fellow-feeling? The best thing for this world would be to make hay while the sun shines, each man for himself. If there is no hope, why should I love my brother, and not cut his throat? If there is nothing beyond, if there is no freedom, but only rigorous dead laws, I should only try to make myself happy here. You will find people saying nowadays that they have utilitarian grounds as the basis of morality. What is this basis? Procuring the greatest amount of happiness to the greatest number. Why should I do this? Why should I not produce the greatest unhappiness to the greatest number, if that serves my purpose?

How will utilitarians answer this question? How do you know what is right, or what is wrong? I am impelled by my desire for happiness, and I fulfil it, and it is in my nature; I know nothing beyond. I have these desires, and must fulfil them; why should you complain? Whence come all these truths about human life, about morality, about the immortal soul, about God, about love and sympathy, about being good, and, above all, about being unselfish?

All ethics, all human action and all human thought, hang upon this one idea of unselfishness. The whole idea of human life can be put into that one word, unselfishness. Why should we be unselfish? Where is the necessity, the force, the power, of my being unselfish? You call yourself a rational man, a utilitarian, but if you do not show me a reason for utility, I say you are irrational. Show me the reason why I should not be selfish. To ask one to be unselfish may be good as poetry, but poetry is not reason. Show me a reason. Why shall I be unselfish, and why be good? Because Mr and Mrs soand so, say so, does not weigh with me. Where is the utility of my being unselfish? My utility is to be selfish if utility means the greatest amount of happiness. What is the answer? The utilitarian can never give it.

The answer is that this world is only one drop in an infinite ocean, one link in an infinite chain. Where did those that preached unselfishness, and taught it to the human race, get this idea? We know it is not instinctive; the animals, which have instinct, do not know it. Neither is it reason; reason does not know anything about these ideas. When then did they come?

We find, in studying history, one fact

held in common by all the great teachers of religion the world ever had. They all claim to have got their truths from beyond, only many of them did not know where they got them from. For instance, one would say that an angel came down in the form of a human being, with wings, and said to him, "Hear, O man, this is the message."

Another says that a Deva, a bright being, appeared to him. A third says he dreamed that his ancestor came and told him certain things. He did not know anything beyond that. But this is common that all claim that this knowledge has come to them from beyond, not through their reasoning power. What does the science of Yoga teach? It teaches that they were right in claiming that all this knowledge came to them from beyond reasoning, but that it came from within themselves.

All ethics, all human action and all human thought,hang upon this one idea of unselfishness.

The whole idea of human life can be putinto that one word, unselfishness.

The Yogi teaches that the mind itself has a higher state of existence, beyond reason, a superconscious state, and when the mind gets to that higher state, then this knowledge, beyond reasoning, comes to man. Metaphysical and transcendental knowledge comes to that man. This state of going beyond reason, transcending ordinary human nature, may sometimes come by chance to a man who does not understand its science; he, as it were, stumbles upon it. When he stumbles upon it, he generally interprets it as coming from outside. So this explains why an inspiration, or transcendental knowledge, may be the same in different countries, but in one country it will seem to come through an angel, and in another through a Deva, and in a third through God. What does it mean? It means that the mind brought the knowledge by its own nature, and that the finding of the knowledge was interpreted according to the belief and education of the person through whom it came. The real fact is that these various men, as it were, stumbled upon this superconscious state.

........................................................

## ਬਹੁਬਿਧ ਹੋਣਾ

ਕਵਿਤਾ ਲਿਖਦਾ ਹਾਂ ਜਦੋਂ
ਹੋਰ ਵੀ ਹੁੰਦਾ ਹਾਂ
ਬਹੁਤ ਕੁਝ ਮੈਂ

ਤੜਪਦਾ ਸੋਮਾਲੀਆ ਵਿੱਚ
ਭੁਖ ਨਾਲ
ਸੜਦਾ ਦੱਖਣੀ ਅਫਰੀਕਾ ਦੀਆਂ
ਜੇਲ੍ਹਾਂ ਵਿਚ
ਖੁਰਦਾ ਅਮਰੀਕਾ ਦੇ
ਰਿਜ਼ਰਵਾਂ (ਵਿਹੜਿਆਂ) ਵਿੱਚ
ਭੁਰਦਾ ਕਿਸੇ ਨਿਗਮ ਦੇ
ਦਫ਼ਤਰ ਵਿੱਚ

ਤੇ ਹਾਂ ਉਗ ਵੀ ਰਿਹਾਂ
ਕਿਸੇ ਖੇਤ ਵਿਚ
ਉਦੇ ਹੋ ਰਿਹਾਂ
ਕਿਸੇ ਅਸਮਾਨ ਵਿੱਚ।

**ਨਵਤੇਜ ਭਾਰਤੀ**

........................................................

# ਖ਼ਬਰਨਾਮਾ

## ਇਲਾਕਾ ਸ੍ਰੀ ਜੀਵਨ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਰੁਝੇਵੇਂ ਭਰੇ ਸਮੇਂ ਵਿੱਚੋਂ ਸਮਾਂ ਕੱਢ ਕੇ ਇਲਾਕਾ ਸ੍ਰੀ ਜੀਵਨ ਨਗਰ ਦੀ ਧਰਤੀ ਨੂੰ ਜ਼ਰੂਰ ਮਾਣ ਬਖਸ਼ਦੇ ਹਨ। ਨਾਮਧਾਰੀ ਪਰਿਵਾਰਾਂ ਦੀ ਹਰ ਸੁੱਖ-ਦੁੱਖ ਦੀ ਘੜੀ ਵਿੱਚ ਪਰਿਵਾਰਾਂ ਨੂੰ ਨਿਵਾਜਦੇ ਹਨ। ਦਿੱਲੀ ਤੋਂ ਵਾਇਆ ਹਿਸਾਰ, ਸਿਰਸਾ ਹੁੰਦੇ ਹੋਏ ਮਿਤੀ 9 ਮਈ 2025 ਦਿਨ ਸੋਮਵਾਰ ਨੂੰ ਸ੍ਰੀ ਸਤਿਗੁਰੂ ਜੀ ਨੇ ਪਿੰਡ ਭੰਗੂਰ ਵਿਖੇ ਸ. ਸਤਿਨਾਮ ਸਿੰਘ ਪੁੱਤਰ ਆਸਾ ਸਿੰਘ ਦੇ ਚੜਾਈ ਕਰਨ ਤੇ ਪਰਿਵਾਰਾਂ ਨੂੰ ਦਰਸ਼ਨ ਦਿੱਤੇ। ਪਿੰਡ ਭੰਗੂਰ ਵਿਖੇ ਹੀ ਸ. ਹਰਦੀਪ ਸਿੰਘ ਪੁੱਤਰ ਗੁਰਬਖਸ਼ ਸਿੰਘ, ਸਮਸ਼ੇਰ ਸਿੰਘ ਪੁੱਤਰ ਸ. ਫੌਜਾ ਸਿੰਘ, ਸੁਖਚੈਨ ਸਿੰਘ ਪੁੱਤਰ ਉਮਰਾਓ ਸਿੰਘ ਅਤੇ ਸਦਾਗਰ ਸਿੰਘ ਪੁੱਤਰ ਮਾਨ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ, ਪਿੰਡ ਅਮਰਾਸਰੀਆ ਖੂਹ ਤੇ ਸ. ਯੁਵਰਾਜ ਸਿੰਘ ਭੱਟੀ ਪੁੱਤਰ ਸ. ਜਗਦੇਵ ਸਿੰਘ ਭੱਟੀ ਅਤੇ ਪੋਤਰਾ ਸ. ਰਘਬੀਰ ਸਿੰਘ ਭੱਟੀ ਦੇ ਚੜ੍ਹਾਈ ਕਰ ਜਾਣ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਰਾਤ ਮਸਤਾਨਗੜ੍ਹ ਵਿਸ਼ਰਾਮ ਕੀਤਾ।

**ਮਿਤੀ 10 ਜੂਨ 2025 ਮੰਗਲਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਜ. ਜਸਵਿੰਦਰ ਸਿੰਘ ਭਿੰਡਰ ਨੇ ਵਾਰੇ ਦੇ ਰੂਪ ਵਿੱਚ ਮਸਤਾਨਗੜ੍ਹ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤਾ। ਵਾਰ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਨਗਰਾਨਾ ਥੇੜ ਵਿਖੇ ਸ. ਸੁਖਦੇਵ ਸਿੰਘ, ਹਰਦੇਵ ਸਿੰਘ, ਗੁਰਦੇਵ ਸਿੰਘ ਅਤੇ ਬਲਦੇਵ ਸਿੰਘ ਪੁੱਤਰ ਸ. ਗੁਰਬਖਸ਼ ਸਿੰਘ ਕੱਕੜ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਮੋਹਨ ਸਿੰਘ ਪੁੱਤਰ ਕਰਤਾਰ ਸਿੰਘ ਪਿੰਡ ਨਗਰਾਨਾ ਥੇੜ ਵਿਖੇ ਵੀ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਪਿੰਡ ਰਾਮਪੁਰ (ਬੁੱਢੀਮਾੜੀ) ਵਿਖੇ ਸ. ਅਨੂਪ ਸਿੰਘ ਪੁੱਤਰ ਸ. ਤੇਗਾ ਸਿੰਘ ਦੇ ਘਰ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਸਮੇਂ ਪਰਿਵਾਰ ਦੇ ਬੱਚਿਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਕੇਸ ਦਾੜ੍ਹੀ ਠੀਕ ਕਰਨ ਦਾ ਹੁਕਮ ਕੀਤਾ ਅਤੇ ਬਚਨ ਕੀਤਾ ਕਿ ਬੀਬੀਆਂ ਬੱਚਿਆਂ ਨੂੰ ਨਾਮ ਸਿਮਰਨ ਜ਼ਰੂਰ ਕਰਵਾਇਆ ਕਰਨ। ਸ. ਅਨੂਪ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਇੱਕ ਬਹੁਤ ਸੁੰਦਰ ਸਫੈਦ ਰੰਗ ਦਾ ਚੀਨਾ ਘੋੜਾ ਭੇਂਟ ਕਰ ਮੱਥਾ ਟੇਕਿਆ ਜੋ ਸ੍ਰੀ ਭੈਣੀ ਸਾਹਿਬ ਪਹੁੰਚਾ ਦਿੱਤਾ ਗਿਆ ਹੈ। ਪਿੰਡ ਪ੍ਰਤਾਪ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਨੇ ਹਰਦੇਵ ਸਿੰਘ ਪੁੱਤਰ ਗੁਰਮੁਖ ਸਿੰਘ ਦੇ ਘਰ ਚਰਨ ਪਾਉਣ ਸਮੇਂ ਕਾਕਾ ਗੇਤਾਜ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕੀਤੀ ਅਤੇ ਬਚਨ ਕੀਤਾ ਕਿ ਬੱਚੇ ਦੇ ਕੇਸਾਂ ਵਿੱਚ ਜਲ ਨਹੀਂ ਪਾਇਆ। ਇਸ਼ਨਾਨ ਸਣੇ ਕੇਸੀ ਕਰਿਆ ਕਰੋ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ। ਸ. ਹਰਜਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਦੇ ਘਰ ਵੀ ਚਰਨ ਪਾਏ ਗਏ। ਪਿੰਡ ਅਮਰਾਸਰ ਖੁਰਦ ਵਿਖੇ ਸ. ਸਵਰਨ ਸਿੰਘ ਪੁੱਤਰ ਸਿੰਗਾਰਾ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪਿੰਡ ਸੰਤ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਨੇ ਸ. ਗੁਰਦੇਵ ਸਿੰਘ ਨੰਬਰਦਾਰ ਪਟਰੋਲ ਪੰਪ ਵਾਲੇ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਸ. ਗੁਰਦੇਵ ਸਿੰਘ ਜੀ ਦਾ ਹਾਲ ਚਾਲ ਪੁੱਛਿਆ ਜਿਹਨਾਂ ਪਿਛਲੇ ਦਿਨੀਂ ਗੋਡਿਆਂ ਦਾ ਉਪਰੇਸ਼ਨ ਕਰਵਾਇਆ ਸੀ। ਨੰਬਰਦਾਰ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਯਾਦਾਂ ਨੂੰ ਸ੍ਰੀ ਸਤਿਗੁਰੂ ਜੀ ਨਾਲ ਸਾਂਝੀਆਂ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪ੍ਰਤਾਪ ਨਗਰ ਵਿਖੇ ਬਣੇ ਜਗਜੀਤ ਮੰਦਰ ਵਿੱਚ ਮਾਤਾ ਮਹਿੰਦਰ ਕੌਰ ਪਤਨੀ ਮਾ. ਅਮਰੀਕ ਸਿੰਘ ਜੀ ਜੋ ਪਿਛਲੀ ਦਿਨ ਚੜ੍ਹਾਈ ਕਰ ਗਏ ਸਨ। ਉਹਨਾਂ ਨਮਿਤ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜ. ਕਮਾਲ ਸਿੰਘ ਭੈਣੀ ਸਾਹਿਬ ਵਾਲੇ ਦੀਵਾਨ ਸਜਾ ਰਹੇ ਸਨ ਅਤੇ ਅੱਜ 10 ਜੂਨ ਸੂਬਾ ਸਾਹਿਬ ਸਿੰਘ ਜੀ ਦੇ ਸ਼ਹੀਦੀ ਦਿਵਸ ਤੇ ਸੂਬਾ ਸਾਹਿਬ ਸਿੰਘ ਦਾ ਜੀਵਨ ਪੇਸ਼ ਕਰ ਰਹੇ ਸਨ। ਦੀਵਾਨ ਸਮਾਪਤੀ ਉਪਰੰਤ ਸ. ਸੁਵਰਨ ਸਿੰਘ ਵਿਰਕ ਨੇ ਮਾਤਾ ਮਹਿੰਦਰ ਕੌਰ ਪ੍ਰਤੀ ਸ਼ਿਰਧਾਜਲੀ ਸ਼ਬਦ ਬੋਲਦੇ ਹੋਏ ਪਰਿਵਾਰਕ ਪਿਛੋਕੜ ਬਾਰੇ ਦੱਸਿਆ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਾਤਾ ਮਹਿੰਦਰ ਕੌਰ ਨਮਿਤ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਪਾਇਆ ਗਿਆ ਅਤੇ ਅਰਦਾਸ ਉਪਰੰਤ ਪ੍ਰੋਗਰਾਮ ਦੀ ਸਮਾਪਤੀ ਹੋਈ। ਪਿੰਡ ਕੁੱਤਾਵੱਡ ਵਿਖੇ ਸ. ਕਸ਼ਮੀਰ ਸਿੰਘ ਦੀ ਧਰਮ ਪਤਨੀ ਬੀਬੀ

ਗੁਰਮੇਲ ਕੌਰ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਕੁੱਤਾਵੱਡ ਦੇ ਸਾਬਕਾ ਸਰਪੰਚ ਸ. ਅੰਗਰੇਜ ਸਿੰਘ ਵਲੋਂ ਪਿੰਡ ਦੀ ਗਊਸ਼ਾਲਾ ਲਈ ਇੱਕ ਟਰੈਕਟਰ ਭੇਂਟ ਕੀਤਾ ਗਿਆ ਜਿਸ ਦੀਆਂ ਚਾਬੀਆਂ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਦੁਆਰਾ ਗਊਸ਼ਾਲਾ ਦੀ ਪ੍ਰਬੰਧਕੀ ਕਮੇਟੀ ਨੂੰ ਸੌਂਪੀਆਂ ਗਈਆਂ। ਇਥੋਂ ਹੀ ਸ੍ਰੀ ਸਤਿਗੁਰੂ ਜੀ ਆਪ ਨੇ ਇਸ ਇਲਾਕਾ ਜੀਵਨ ਨਗਰ ਦੇ ਦੌਰੇ ਦੀ ਸਮਾਪਤੀ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਮੈਰਾਥਨ ਦੌੜਾਕ ਫ਼ੌਜਾ ਸਿੰਘ ਨਹੀਂ ਰਹੇ

ਮੈਰਾਥਨ ਦੌੜਾਕ ਫ਼ੌਜਾ ਸਿੰਘ ਦੀ ਅੱਜ ਦੇਰ ਸ਼ਾਮ ਸੜਕ ਹਾਦਸੇ ਵਿੱਚ ਮੌਤ ਹੋ ਗਈ। ਉਹ 114 ਸਾਲ ਦੇ ਸਨ। ਜਦੋਂ ਉਹ ਘਰ ਤੋਂ ਬਾਹਰ ਸੈਰ ਕਰ ਰਹੇ ਸਨ ਤਾਂ ਇੱਕ ਕਾਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿੱਚ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ



ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਬਿਆਸ ਪਿੰਡ 'ਚ ਪਹਿਲੀ ਅਪਰੈਲ 1911 ਨੂੰ ਹੋਇਆ ਸੀ। ਫੌਜਾ ਸਿੰਘ ਪੜ੍ਹੇ-ਲਿਖੇ ਨਹੀਂ ਹਨ ਅਤੇ ਪੰਜਾਬੀ ਬੋਲਣੀ ਜਾਣਦੇ ਹਨ ਪਰ ਪੜ੍ਹਨੀ ਨਹੀਂ। ਜਵਾਨ ਹੋਣ 'ਤੇ ਉਨ੍ਹਾਂ 'ਚ ਦੌੜਨ ਦਾ ਸ਼ੌਕ ਪੈਦਾ ਹੋ ਗਿਆ। ਉਹ 1947 ਵਿੱਚ ਭਾਰਤ-ਪਾਕਿਸਤਾਨ ਵੰਡ ਤੋਂ ਕਾਫ਼ੀ ਦੁਖੀ ਹੋਏ। ਉਹ 16 ਅਕਤੂਬਰ 2011 ਨੂੰ ਟੋਰਾਂਟੋ ਮੈਰਾਥਨ 8 ਘੰਟੇ 11 ਮਿੰਟ ਤੇ 6 ਸਕਿੰਟ ਵਿੱਚ ਪੂਰੀ ਕਰਕੇ ਵਿਸ਼ਵ ਦੇ ਪਹਿਲੇ 100 ਸਾਲਾ ਬਜ਼ੁਰਗ ਦੌੜਾਕ ਬਣੇ ਸਨ। ਹਾਲਾਂਕਿ, ਜਨਮ ਸਰਟੀਫਿਕੇਟ ਨਾ ਹੋਣ ਕਾਰਨ ਉਨ੍ਹਾਂ ਦਾ ਨਾਮ ਗਿੰਨੀਜ਼ ਬੁੱਕ ਵਿੱਚ ਦਰਜ ਨਹੀਂ ਹੋ ਸਕਿਆ। ਬਾਅਦ ਵਿੱਚ ਉਨ੍ਹਾਂ ਨੇ ਆਪਣਾ ਬ੍ਰਿਟਿਸ਼ ਪਾਸਪੋਰਟ ਅਤੇ ਮਹਾਰਾਣੀ ਐਲਿਜ਼ਬੈੱਥ ਵਲੋਂ 100ਵੇਂ ਜਨਮ ਦਿਨ 'ਤੇ ਭੇਜੀ ਚਿੱਠੀ ਦਿਖਾਈ, ਜਿਸ ਤੋਂ ਬਾਅਦ ਉਨ੍ਹਾਂ ਦਾ ਨਾਂ ਗਿੰਨੀਜ਼ ਵਰਲਡ ਰਿਕਾਰਡਜ਼ 'ਚ ਦਰਜ ਕੀਤਾ ਗਿਆ। ਫੌਜਾ ਸਿੰਘ ਨੇ ਸਾਲ 2000 ਵਿਚ 89 ਸਾਲ ਦੀ ਉਮਰ ਵਿੱਚ ਲੰਡਨ ਮੈਰਾਥਨ ਤੋਂ ਦੌੜਨ ਦੀ ਸ਼ੁਰੂਆਤ ਕੀਤੀ ਸੀ। ਸਾਲ 2003 ਵਿੱਚ 92 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ 90 ਸਾਲਾਂ ਤੋਂ ਵੱਧ ਉਮਰ ਦੇ ਬਾਬਿਆਂ ਦੀ ਦੌੜ 'ਚ ਹਿੱਸਾ ਲਿਆ ਅਤੇ 5 ਘੰਟੇ 40 ਮਿੰਟਾਂ ਦਾ ਵਿਸ਼ਵ ਰਿਕਾਰਡ ਬਣਾਇਆ। ਇਸ ਮਗਰੋਂ- ਸਾਲ 2003 'ਚ ਲੰਡਨ ਮੈਰਾਥਨ ਉਨ੍ਹਾਂ ਨੇ 6 ਘੰਟੇ 2 ਮਿੰਟ ਵਿੱਚ ਪੂਰੀ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਮੈਰਾਥਨ ਵਿੱਚ ਹਿੱਸਾ ਲੈਣਾ ਜਾਰੀ ਰੱਖਿਆ ਅਤੇ 2012 ਤਕ ਉਨ੍ਹਾਂ ਨੇ ਲੰਡਨ ਦੀਆਂ ਛੇ ਮੈਰਾਥਨਜ਼ ਵਿੱਚ ਹਿੱਸਾ ਲਿਆ। ਉਨ੍ਹਾਂ ਦੀਆਂ ਮੈਰਾਥਨਜ਼ ਦੇ ਖੇਤਰ 'ਚ ਪ੍ਰਾਪਤੀਆਂ ਦੀ ਬਦੌਲਤ 13 ਨਵੰਬਰ 2003 ਨੂੰ ਅਮਰੀਕਾ ਦੇ ਗਰੁੱਪ ਨੈਸ਼ਨਲ ਐਥਨਿਕ ਕੋਲੀਸ਼ਨ ਨੇ 'ਏਲਿਸ ਆਈਲੈਂਡ ਮੈਡਲ ਆਫ ਆਨਰ ਨਾਲ ਸਨਮਾਨਿਤ ਕੀਤਾ ਸੀ। ਇਸ ਗਰੁੱਪ ਦੇ ਚੇਅਰਮੈਨ ਵਿਲੀਅਮ ਫੁਗਾਜ਼ੀ ਨੇ ਵੀ ਫੌਜਾ ਸਿੰਘ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਸਭ ਤੋਂ ਵੱਡਾ ਪ੍ਰੇਰਨਾ ਸਰੋਤ ਹਨ। ਇਸ ਤੋਂ ਬਾਅਦ ਬਰਤਾਨੀਆ ਦੇ ਇੱਕ ਸੰਗਠਨ ਵਲੋਂ ਉਨ੍ਹਾਂ ਨੂੰ 'ਪ੍ਰਾਈਡ ਆਫ ਇੰਡੀਆ' ਦਾ ਖ਼ਿਤਾਬ ਦਿੱਤਾ।

**ਪੰਜਾਬੀ ਟ੍ਰਿਬਿਊਨ**

.....................................................

## Matrimonial

**Name- Bhag Singh**
S/o Bhagwan Singh Namdhari,
Rashila Nagar, Jamalpur,
Ludhiana
Education:- B.Tech
Height - 5.8"
DOB:- 22/01/1996
Working in Canada
PR Holder in Canada
Contact Number- 8195839729

.....................................................

ਓਨਾ ਨੂੰ ਅਠਾਰ੍ਹਾਂ ਸੌ ਬਹੱਤਰ ਦੀ ਕੂਕਾ ਲਹਿਰ ਦੌਰਾਨ ਪੰਜਾਬ ਦੇ ਸ਼ਹਿਰ ਮਲੇਰਕੋਟਲਾ 'ਚ ਉਨੰਜਾ ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਸਬੰਧੀ ਕੁੱਝ ਸਮਾਂ ਪਹਿਲਾਂ ਪਾਇਨੀਅਰ ਅਖ਼ਬਾਰ 'ਚ ਛਪਿਆ ਜ਼ਹਿਰੀਲਾ ਵਿਅੰਗ ਯਾਦ ਆਇਆ।

ਇਹ ਪੂਰੀ ਕਹਾਣੀ ਤੁਸੀਂ ਮੈਗਜ਼ੀਨ ਵਿੱਚੋਂ ਪੜ੍ਹ ਸਕਦੇ ਹੋ।



Date of Publication: 21 July 2025
Date of Posting: 23 July 2025

RNI NO.55658/93
LDM/008/2021-2023

# ਸ੍ਰੀ ਭੈਣੀ ਸਾਹਿਬ ਦੇ ਨੌਜਵਾਨ ਰੁੱਖ ਲਾਉਂਦੇ ਹੋਏ।







Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.